31-MAR-PAGE-1.qxd 3/30/2025 9:07 PM Page 1

ਸੋਮਵਾਰ, 31 ਮਾਰਚ, 2025
18 ਚੇਤ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 299

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 31 MARCH, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


## ਮਹਾਰਾਸ਼ਟਰ ਦੀ ਮਸਜਿਦ 'ਚ ਧਮਾਕਾ



**ਮੁੰਬਈ** : ਮਹਾਰਾਸ਼ਟਰ ਦੇ ਬੀੜ ਜ਼ਿਲ੍ਹੇ ਦੇ ਪਿੰਡ ਅਰਧ ਮਸਲਾ ਵਿੱਚ ਇੱਕ ਮਸਜਿਦ 'ਚ ਐਤਵਾਰ ਬਾਅਦ ਦੁਪਹਿਰ ਢਾਈ ਵਜੇ ਦੇ ਕਰੀਬ ਧਮਾਕੇ ਨਾਲ ਇਮਾਰਤ ਦੇ ਅੰਦਰਲੇ ਹਿੱਸੇ ਨੂੰ ਨੁਕਸਾਨ ਪਹੁੰਚਿਆ। ਕਿਸੇ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਸੀ। ਪੁਲਸ ਨੇ ਇਸ ਮਾਮਲੇ ਵਿੱਚ ਬੀੜ ਦੇ ਗੇਵਰਾਈ ਦੇ ਵਸਨੀਕ ਵਿਜੈ ਰਾਮ (22) ਅਤੇ ਸ੍ਰੀਰਾਮ ਅਸ਼ੋਕ ਸਗਾੜੇ (24) ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਇੱਕ ਨੇ ਆਪਣੇ ਇੰਸਟਾਗਰਾਮ 'ਤੇ ਘਟਨਾ ਦੀ ਫੋਟੋ ਪਾਈ ਸੀ, ਜਿਸ ਨਾਲ ਦੋਨੋਂ ਅੜਿੱਕੇ ਆ ਗਏ। ਧਮਾਕੇ ਤੋਂ ਬਾਅਦ ਮੁਸਲਮ ਭਾਈਚਾਰੇ ਦੇ ਲੋਕਾਂ ਨੇ ਥਾਣੇ ਦੇ ਬਾਹਰ ਪ੍ਰੋਟੈਸਟ ਕੀਤਾ ਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਇਲਾਕੇ 'ਚ ਸਥਿਤੀ ਤਣਾਅਪੂਰਨ ਬਣੀ ਹੋਈ ਸੀ, ਕਿਉਂਕਿ ਸੋਮਵਾਰ ਈਦ-ਉਲ-ਫਿਤਰ ਹੈ। ਪਿੰਡ 'ਚ ਪੁਲਸ ਦੀ ਨਫਰੀ ਵਧਾ ਦਿੱਤੀ ਗਈ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਬੰਦੇ ਨੇ ਪਿਛਲੇ ਪਾਸਿਓਂ ਮਸਜਿਦ 'ਚ ਦਾਖਲ ਹੋ ਕੇ ਜਿਲੇਟੀਨ ਛੜਾਂ ਨਾਲ ਧਮਾਕਾ ਕੀਤਾ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਪਤਾ ਲੱਗ ਗਿਆ ਹੈ ਕਿ ਇਹ ਧਮਾਕਾ ਕਿਸ ਨੇ ਕੀਤਾ। ਪੁਲਸ ਵੱਲੋਂ ਦਰਜ ਐੱਫ ਆਈ ਆਰ ਮੁਤਾਬਕ ਸ਼ਨਿੱਚਰਵਾਰ ਸ਼ਾਮ ਪਿੰਡ ਵਿੱਚ ਨਿਕਲੇ ਜਲੂਸ ਦੌਰਾਨ ਦੋ ਜਣਿਆਂ ਨੇ ਮਸਜਿਦ ਦੀ ਉਸਾਰੀ 'ਤੇ ਕਿੰਤੂ ਕੀਤਾ ਸੀ। ਉਨ੍ਹਾਂ ਫਿਰਕੂ ਖਿਚਾਅ ਪੈਦਾ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ ਪਰ ਪੁਲਸ ਨੇ ਸਥਿਤੀ ਸੰਭਾਲ ਲਈ।

## ਐਕਸਪ੍ਰੈੱਸ ਪਟੜੀਓਂ ਲੱਥਣ ਕਾਰਨ ਇਕ ਯਾਤਰੀ ਦੀ ਮੌਤ

**ਕੱਟਕ** : ਐਤਵਾਰ ਸਵੇਰੇ 11:54 ਵਜੇ ਬੇਂਗਲੁਰੂ-ਕਾਮਾਖਿਆ ਸੁਪਰਫਾਸਟ ਐਕਸਪ੍ਰੈੱਸ (12551) ਦੇ 11 ਏ ਸੀ ਡੱਬੇ ਨੇਰਗੁੰਡੀ ਸਟੇਸ਼ਨ ਲਾਗੇ ਪਟੜੀਓਂ ਉਤਰ ਜਾਣ ਕਾਰਨ ਇੱਕ ਯਾਤਰੀ ਦੀ ਮੌਤ ਹੋ ਗਈ ਤੇ 8 ਯਾਤਰੀ ਜ਼ਖਮੀ ਹੋ ਗਏ। ਹਾਦਸੇ ਕਾਰਨ ਕਈ ਗੱਡੀਆਂ ਲੇਟ ਹੋ ਗਈਆਂ ਤੇ ਕਈ ਗੱਡੀਆਂ ਦੇ ਰੂਟ ਬਦਲੇ ਗਏ। ਹਨ।

## ਮਣੀਕਰਨ 'ਚ ਦਰੱਖਤ ਥੱਲੇ ਆ ਕੇ 6 ਮਰੇ

**ਕੁੱਲੂ** : ਐਤਵਾਰ ਸ਼ਾਮੀਂ ਕਰੀਬ ਪੰਜ ਵਜੇ ਮਣੀਕਰਨ 'ਚ ਗੁਰਦੁਆਰੇ ਕੋਲ ਹਨੇਰੀ ਨਾਲ ਉਖੜਿਆ ਵੱਡਾ ਦਰਖਤ ਕਾਰਾਂ ਤੇ ਫੂਡ ਸਟਾਲਾਂ 'ਤੇ ਡਿੱਗਣ ਨਾਲ 3 ਮਹਿਲਾਵਾਂ ਸਣੇ 6 ਵਿਅਕਤੀਆਂ ਦੀ ਮੌਤ ਹੋ ਗਈ। ਕਈ ਲੋਕ ਜ਼ਖਮੀ ਵੀ ਹੋਏ ਹਨ। ਮ੍ਰਿਤਕਾਂ ਵਿੱਚ ਦੋ ਵੈਂਡਰ, ਇੱਕ ਕਾਰ ਡਰਾਈਵਰ ਤੇ ਤਿੰਨ ਸੈਲਾਨੀ ਸ਼ਾਮਲ ਦੱਸੇ ਗਏ ਹਨ। ਦਰੱਖਤ ਉਖੜਨ ਕਾਰਨ ਪਹਾੜ ਤੋਂ ਢਿੱਗਾਂ ਵੀ ਡਿੱਗੀਆਂ।



## ਸਰਕਾਰਾਂ ਨੇ ਗਰੀਬ ਅਤੇ ਮੱਧ ਵਰਗ ਦਾ ਕਚੂੰਮਰ ਕੱਢਿਆ : ਬਰਾੜ

### ਕਾਮਰੇਡ ਆਲਾ ਸਿੰਘ ਦੀ 22ਵੀਂ ਬਰਸੀ ਮੌਕੇ ਵਿਸ਼ਾਲ ਕਿਸਾਨ ਕਾਨਫਰੰਸ ਤੇ ਇਨਕਲਾਬੀ ਸਮਾਗਮ



ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ।

**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਲੋਕ ਘੋਲਾਂ ਦੇ ਸਿਰਕੱਢ ਆਗੂ ਕਾਮਰੇਡ ਆਲਾ ਸਿੰਘ ਦੀ 22ਵੀਂ ਬਰਸੀ 'ਤੇ ਅਨਾਜ ਮੰਡੀ ਜਲਾਲਾਬਾਦ ਵਿਖੇ ਕਿਸਾਨ ਕਾਨਫਰੰਸ ਅਤੇ ਇਨਕਲਾਬੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕਾਮਰੇਡ ਆਲਾ ਸਿੰਘ ਨਾਲ ਕੰਮ ਕਰਨ ਵਾਲੇ ਬਜ਼ੁਰਗ ਆਗੂ ਕਾਮਰੇਡ ਅਮੀ ਚੰਦ ਲਮੋਚੜ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ਼ੁਬੇਗ ਝੰਗੜਭੈਣੀ, ਇਸਤਰੀ ਸਭਾ ਦੀ ਜ਼ਿਲ੍ਹਾ ਸਕੱਤਰ ਸੁਮਿੱਤਰਾ ਫਾਜ਼ਿਲਕਾ, ਨਰੇਗਾ ਮਜ਼ਦੂਰਾਂ ਦੇ ਜ਼ਿਲ੍ਹਾ ਆਗੂ ਨਰਿੰਦਰ ਢਾਬਾਂ ਅਤੇ ਬਲਾਕ ਗੁਰੂਹਰਸਹਾਏ ਦੇ ਸਕੱਤਰ ਬਲਵੰਤ ਚੌਹਾਣਾ ਨੇ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਨ ਲਈ ਪਹੁੰਚੇ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਪੰਜਾਬ ਸੂਬੇ 'ਚ ਬਦਲਾਅ ਦੇ ਨਾਂਅ 'ਤੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ, ਦੋਨਾਂ ਸਰਕਾਰਾਂ ਨੇ ਸੂਬੇ ਦੇ ਆਮ ਅਤੇ ਮੱਧ ਵਰਗ ਦਾ ਆਰਥਿਕ ਤੌਰ 'ਤੇ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ, ਜਿਸ ਕਾਰਨ ਲੋਕ ਆਰਥਿਕ ਤੰਗੀ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਬਾਰੇ ਬੋਲਦਿਆਂ ਕਾਮਰੇਡ ਬਰਾੜ ਨੇ ਕਿਹਾ ਕਿ ਸੂਬੇ ਅੰਦਰ ਪੰਜਾਬ ਦੀ ਸਰਕਾਰ ਨਸ਼ਿਆਂ ਨੂੰ ਖਤਮ ਕਰਨ ਦੇ ਨਾਂਅ 'ਤੇ ਆਮ ਲੋਕਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਕੇ ਉਨ੍ਹਾਂ ਨੂੰ ਘਰੋਂ ਬੇਘਰ ਕਰ ਰਹੀ ਹੈ। ਦੂਜੇ ਪਾਸੇ ਜਿਹੜੇ ਸਰਕਾਰ ਦੇ ਵਿਧਾਇਕ, ਵੱਡੇ ਅਫਸਰ ਅਤੇ ਸਿਆਸੀ ਹਸਤੀਆਂ ਨਸ਼ਾ ਤਸਕਰਾਂ ਤੋਂ ਹਿੱਸਾ ਲੈ ਰਹੀਆਂ ਹਨ, ਉਹਨਾਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ। ਕਾਮਰੇਡ ਬਰਾੜ ਨੇ ਕਿਹਾ ਕਿ ਪੰਜਾਬ ਦੀ ਪਾਰਟੀ ਵੱਲੋਂ ਦੇਸ਼ ਦੀ ਪਾਰਟੀ ਦਾ ਮਹਾਂ ਸੰਮੇਲਨ ਨੂੰ ਕਾਮਯਾਬ ਕਰਵਾਉਣ ਦੀ ਜ਼ਿੰਮੇਵਾਰੀ ਲਈ ਗਈ ਹੈ। ਸਮੁੱਚੇ ਪਾਰਟੀ ਵਰਕਰਾਂ ਦੀ ਮੁਢਲੀ ਜ਼ਿੰਮੇਵਾਰੀ ਹੈ ਕਿ ਉਸ ਨੂੰ ਕਾਮਯਾਬ ਕਰਨ ਲਈ ਆਪਣਾ ਅਹਿਮ ਯੋਗਦਾਨ ਪਾਉਣ। ਉਨ੍ਹਾਂ ਪੰਜਾਬ ਅਤੇ ਦੇਸ਼ ਦੀਆਂ ਸਮੂਹ ਕਮਿਊਨਿਸਟ ਪਾਰਟੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਸਾਮਰਾਜਵਾਦੀ ਤਾਕਤਾਂ ਦਾ ਟਾਕਰਾ ਕਰਨ ਲਈ ਇੱਕ ਮੰਚ 'ਤੇ ਇਕੱਠੀਆਂ ਹੋਣ, ਜੋ ਕਿ ਸਮੇਂ ਦੀ ਮੁੱਖ ਲੋੜ ਹੈ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ ਨੇ ਕਿਹਾ ਕਿ ਕਾਮਰੇਡ ਆਲਾ ਸਿੰਘ, ਆਜ਼ਾਦੀ ਘੁਲਾਟੀਏ ਕਾਮਰੇਡ ਵਧਾਵਾ ਰਾਮ ਅਤੇ ਉਨ੍ਹਾਂ ਦੇ ਨਾਲ ਹੋਰ ਸਾਥੀਆਂ ਨੇ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ

• ਬਾਕੀ ਸਫਾ 2 'ਤੇ

## ਨਾਮਵਰ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਹੀਂ ਰਹੇ



**ਜਲੰਧਰ** : ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ (92) ਐਤਵਾਰ ਬਾਅਦ ਦੁਪਹਿਰ ਸਦੀਵੀ ਵਿਛੋੜਾ ਦੇ ਗਏ।ਉਨ੍ਹਾ ਮਾਸਟਰ ਮੋਤਾ ਸਿੰਘ ਨਗਰ ਸਥਿਤ ਘਰ 'ਚ ਆਖਰੀ ਸਾਹ ਲਏ।ਉਹ ਕੁਝ ਦਿਨਾਂ ਤੋਂ ਬਿਮਾਰ ਸਨ। ਉਨ੍ਹਾ ਦਾ ਜਨਮ 7 ਅਪ੍ਰੈਲ 1932 ਨੂੰ ਪਿੰਡ ਬਦੀਨਪੁਰ ਨੇੜੇ ਖੰਨਾ ਵਿਖੇ ਹੋਇਆ ਸੀ ਤੇ ਉਹ ਮੂਲ ਤੌਰ 'ਤੇ ਖੰਨਾ ਸ਼ਹਿਰ ਦੇ ਰਹਿਣ ਵਾਲੇ ਸਨ।ਉਨ੍ਹਾ ਲੰਬਾ ਸਮਾਂ ਜਲੰਧਰ ਤੋਂ ਨਿਕਲਦੇ ਉਰਦੂ ਅਖ਼ਬਾਰ 'ਮਿਲਾਪ' ਤੇ 'ਹਿੰਦ ਸਮਾਚਾਰ' ਲਈ ਸਬ-ਅਡੀਟਰ ਵਜੋਂ ਸੇਵਾਵਾਂ ਦਿੱਤੀਆਂ ਸਨ ਤੇ ਉਹ ਜਲੰਧਰ ਹੀ ਪੱਕੇ ਤੌਰ 'ਤੇ ਵੱਸ ਗਏ ਸਨ।1947 ਤੋਂ ਬਾਅਦ ਦੇ ਪੂਰਬੀ ਪੰਜਾਬੀ ਸਾਹਿਤ 'ਚ ਮਿੰਨੀ ਕਹਾਣੀ ਦੇ ਲੇਖਕਾਂ 'ਚ ਉਨ੍ਹਾ ਦਾ ਨਾਂਅ ਮੂਹਰਲੀ ਕਤਾਰ 'ਚ ਆਉਂਦਾ ਸੀ।ਉਨ੍ਹਾ ਨੂੰ 'ਕੁਝ ਅਣਕਿਹਾ ਵੀ' ਨਾਂਅ ਦੇ ਕਹਾਣੀ-ਸੰਗ੍ਰਹਿ ਲਈ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ।ਉਨ੍ਹਾ ਦਾ ਸਸਕਾਰ ਸੋਮਵਾਰ ਮਾਡਲ ਟਾਊਨ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

## ਅਮਰੀਕੀ ਔਰਤ ਰਿਹਾਅ

**ਵਾਸ਼ਿੰਗਟਨ** : ਫਰਵਰੀ ਤੋਂ ਅਫਗਾਨਿਸਤਾਨ ਵਿੱਚ ਤਾਲਿਬਾਨ ਵਲੋਂ ਹਿਰਾਸਤ ਵਿੱਚ ਲਈ ਗਈ ਇੱਕ ਅਮਰੀਕੀ ਔਰਤ ਫੇਈ ਹਾਲ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਸਦੀ ਸਿਹਤ ਠੀਕ ਹੈ।

ਹਾਲ ਨੂੰ ਬਿਨਾਂ ਕਿਸੇ ਇਜਾਜ਼ਤ ਦੇ ਡਰੋਨ ਚਲਾਉਣ ਦੇ ਦੋਸ਼ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ। ਫੇਈ ਹਾਲ ਨੂੰ ਵੀਰਵਾਰ ਨੂੰ ਅਦਾਲਤ ਦੇ ਹੁਕਮ ਨਾਲ ਰਿਹਾਅ ਕੀਤਾ ਗਿਆ।

## ਅਮਰੀਕਾ ਨਾਲ ਸਿੱਧੀ ਗੱਲ ਨਹੀਂ : ਈਰਾਨ

**ਦੁਬਈ** : ਈਰਾਨ ਦੇ ਰਾਸ਼ਟਰਪਤੀ ਨੇ ਐਤਵਾਰ ਕਿਹਾ ਕਿ ਉਹ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕਾ ਨਾਲ ਸਿੱਧੀ ਗੱਲਬਾਤ ਨਹੀਂ ਕਰਨਗੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਿੱਧੀ ਗੱਲਬਾਤ ਲਈ ਈਰਾਨ ਨੂੰ ਪੱਤਰ ਲਿਖਿਆ ਸੀ।ਰਾਸ਼ਟਰਪਤੀ ਮਸੂਦ ਪੇਜ਼ੈਸ਼ਕੀਅਨ ਦੀ ਟਿੱਪਣੀ ਤੋਂ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਸਪੱਸ਼ਟ ਹੋਇਆ ਹੈ ਕਿ ਈਰਾਨ ਨੇ ਟਰੰਪ ਦੇ ਪੱਤਰ 'ਤੇ ਕਿਸ ਤਰ੍ਹਾਂ ਦਾ ਜਵਾਬ ਦਿੱਤਾ ਹੈ। ਇਸ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਦੋਵਾਂ ਮੁਲਕਾਂ ਵਿਚਾਲੇ ਤਣਾਅ ਵਧ ਸਕਦਾ ਹੈ। ਪੇਜ਼ੈਸ਼ਕੀਅਨ ਨੇ ਕਿਹਾ ਕਿ ਹਾਲਾਂਕਿ ਇਸ (ਟਰੰਪ ਦੇ ਪੱਤਰ 'ਤੇ) ਪ੍ਰਤੀਕਿਰਿਆ 'ਚ ਦੋਵਾਂ ਧਿਰਾਂ ਵਿਚਾਲੇ ਸਿੱਧੀ ਗੱਲਬਾਤ ਦੀ ਸੰਭਾਵਨਾ ਨੂੰ ਖਾਰਜ ਕੀਤਾ ਗਿਆ ਹੈ ਪਰ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਅਸਿੱਧੇ ਤੌਰ 'ਤੇ ਗੱਲਬਾਤ ਦਾ ਰਾਹ ਖੁੱਲ੍ਹ ਸਕਦਾ ਹੈ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਕੀ ਟਰੰਪ ਅਸਿੱਧੇ ਗੱਲਬਾਤ ਨੂੰ ਸਵੀਕਾਰ ਕਰਨਗੇ।

## ਮੋਦੀ ਵੱਲੋਂ ਸੰਘ ਦੇ ਹੈੱਡਕੁਆਰਟਰ ਦਾ ਦੌਰਾ

**ਨਾਗਪੁਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨਾਗਪੁਰ ਦੇ ਹੈਡਗੇਵਾਰ ਸਮ੍ਰਿਤੀ ਮੰਦਰ ਦਾ ਦੌਰਾ ਕਰਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੇ ਬਾਨੀ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਅਤੇ ਦੂਜੇ ਸਰਸੰਘਚਾਲਕ (ਮੁਖੀ) ਐੱਮ ਐੱਸ ਗੋਲਵਾਲਕਰ ਨੂੰ ਸਮਰਪਤ ਸਮਾਰਕਾਂ 'ਤੇ ਸ਼ਰਧਾਂਜਲੀ ਭੇਟ ਕੀਤੀ।

ਉਨ੍ਹਾ ਕਿਹਾ ਕਿ ਡਾ. ਹੈਡਗੇਵਾਰ ਨੇ ਦੇਸ਼ ਦੀ ਆਜ਼ਾਦੀ 'ਚ ਵੀ ਅਹਿਮ ਯੋਗਦਾਨ ਪਾਇਆ ਸੀ। ਅੱਜ ਵੀ ਹਜ਼ਾਰਾਂ ਨੌਜਵਾਨ ਉਨ੍ਹਾ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਲ ਰਹੇ ਹਨ। ਮੋਦੀ ਨੇ ਸੰਘ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਤਸਵੀਰਾਂ ਵੀ ਖਿਚਵਾਈਆਂ। ਮੋਦੀ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਇੱਥੇ ਆਏ ਹਨ। ਮੋਦੀ ਨੇ ਛੱਤੀਸਗੜ੍ਹ 'ਚ ਬਿਲਾਸਪੁਰ ਜ਼ਿਲ੍ਹੇ ਦੇ ਪਿੰਡ ਮੋਹਭੱਟਾ 'ਚ ਇੱਕ ਸਮਾਗਮ ਦੌਰਾਨ ਵੱਖ-ਵੱਖ ਸੈਕਟਰਾਂ ਨਾਲ ਸੰਬੰਧਤ 33,700 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਤੇ ਉਦਘਾਟਨ ਕੀਤੇ।

## ਅਫਸਪਾ ਦੀ ਮਿਆਦ 'ਚ ਵਾਧਾ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰਾਲੇ ਨੇ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਨੂੰ ਮਨੀਪੁਰ ਦੇ 13 ਪੁਲਸ ਸਟੇਸ਼ਨ ਖੇਤਰਾਂ ਨੂੰ ਛੱਡ ਕੇ ਸਾਰੇ ਮਨੀਪੁਰ ਵਿੱਚ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਅਰੁਣਾਚਲ ਪ੍ਰਦੇਸ਼ ਤੇ ਨਾਗਾਲੈਂਡ ਦੇ ਕੁਝ ਜ਼ਿਲ੍ਹਿਆਂ ਵਿੱਚ ਵੀ ਅਫਸਪਾ ਵਧਾਇਆ ਗਿਆ ਹੈ। ਇਹ ਕਾਨੂੰਨ ਹਿੰਸਾ ਵਾਲੇ ਖੇਤਰਾਂ ਵਿੱਚ ਹਥਿਆਰਬੰਦ ਬਲਾਂ ਨੂੰ ਲੋੜ ਪੈਣ 'ਤੇ ਤਲਾਸ਼ੀ ਲੈਣ, ਗ੍ਰਿਫਤਾਰ ਕਰਨ ਅਤੇ ਗੋਲੀਬਾਰੀ ਕਰਨ ਦੀਆਂ ਵਿਆਪਕ ਸ਼ਕਤੀਆਂ ਦਿੰਦਾ ਹੈ।

## 65 ਰੂਸੀ ਡਰੋਨ ਤਬਾਹ ਕਰਨ ਦਾ ਦਾਅਵਾ

**ਕੀਵ** : ਯੂਕਰੇਨ ਦੀ ਹਵਾਈ ਫੌਜ ਨੇ ਰੂਸ ਵੱਲੋਂ ਸ਼ਨਿੱਚਰਵਾਰ ਰਾਤ ਵੇਲੇ ਦਾਗੇ 111 ਵਿੱਚੋਂ 65 ਡਰੋਨ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਰੂਸ ਤੇ ਅਮਰੀਕਾ ਦਰਮਿਆਨ ਯੂਕਰੇਨ ਜੰਗ ਰੋਕਣ ਲਈ ਗੱਲਬਾਤ ਹੋਈ ਸੀ, ਜਿਸ 'ਚ 30 ਦਿਨਾਂ ਦੀ ਜੰਗਬੰਦੀ ਦੇ ਅਮਰੀਕੀ ਪ੍ਰਸਤਾਵ ਦੇ ਵੇਰਵਿਆਂ ਬਾਰੇ ਚਰਚਾ ਕੀਤੀ ਗਈ ਸੀ, ਪਰ ਇਸ ਤੋਂ ਬਾਅਦ ਵੀ ਡਰੋਨ ਹਮਲੇ ਜਾਰੀ ਹਨ।

## ਪੂਤਿਨ ਦੇ ਕਾਫਲੇ ਦੀ ਕਾਰ 'ਚ ਧਮਾਕਾ

**ਮਾਸਕੋ** : ਇੱਥੇ ਖੁਫੀਆ ਏਜੰਸੀ ਐੱਫ ਐੱਸ ਬੀ ਦੇ ਮੁੱਖ ਦਫਤਰ ਕੋਲ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਕਾਫਲੇ ਦੀ ਲਿਮੋਜ਼ਿਨ ਕਾਰ ਵਿੱਚ ਧਮਾਕਾ ਹੋ ਗਿਆ। ਕਾਰ ਦੇ ਇੰਜਣ ਨੂੰ ਅੱਗ ਲੱਗ ਗਈ, ਜੋ ਅੰਦਰ ਤਕ ਫੈਲ ਗਈ। ਇਹ ਸਪੱਸ਼ਟ ਨਹੀਂ ਹੋਇਆ ਕਿ ਇਹ ਮਹਿਜ਼ ਹਾਦਸਾ ਸੀ ਜਾਂ ਸਾਜ਼ਿਸ਼। ਇਸ ਤੋਂ ਬਾਅਦ ਰਾਸ਼ਟਰਪਤੀ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ। ਜ਼ਿਕਰਯੋਗ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਦਾਅਵਾ ਕੀਤਾ ਸੀ ਕਿ ਪੂਤਿਨ ਦੀ ਜਲਦੀ ਹੀ ਮੌਤ ਹੋ ਜਾਵੇਗੀ।

## ਗ਼ਦਰੀ ਬਾਬਿਆਂ ਨੇ ਆਜ਼ਾਦੀ ਸੰਗਰਾਮ ਲਈ ਜਾਗਰੂਕ ਕੀਤਾ : ਪਰਮਿੰਦਰ, ਮਾੜੀਮੇਘਾ



**ਖਡੂਰ ਸਾਹਿਬ** : ਮਹਾਨ ਦੇਸ਼ ਭਗਤ ਗ਼ਦਰੀ ਬਾਬਾ ਸ਼ੇਰ ਸਿੰਘ ਦੀ ਸਾਲਾਨਾ ਬਰਸੀ ਸੀ ਪੀ ਆਈ ਬਲਾਕ ਖਡੂਰ ਸਾਹਿਬ ਅਤੇ ਉਨ੍ਹਾਂ ਦੇ ਪਰਵਾਰ ਦੇ ਮਨਿੰਦਰ ਸਿੰਘ ਉਰਫ ਮੰਨੇ ਵੱਲੋਂ ਪਿੰਡ ਵੇਈਂਪੂੰਈਂ ਵਿਖੇ ਭਗਵੰਤ ਸਿੰਘ ਤੇ ਸੰਤੋਖ ਕੌਰ ਵੇਈਂਪੂੰਈਂ ਅਤੇ ਮੇਜਰ ਸਿੰਘ ਦਾਰਾਪੁਰ ਦੀ ਪ੍ਰਧਾਨਗੀ ਹੇਠ ਮਨਾਈ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸੀਨੀਅਰ ਟਰੱਸਟੀ ਡਾ. ਪਰਮਿੰਦਰ ਅਤੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਇਸ ਮੌਕੇ ਕਿਹਾ ਕਿ ਗ਼ਦਰੀਆਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਹਿੰਦੁਸਤਾਨ ਆਜ਼ਾਦ ਹੋਇਆ ਸੀ।ਗ਼ਦਰੀਆਂ ਨੇ ਦੇਸ਼ ਦੀ ਘੂਕ ਸੁੱਤੀ ਪਈ ਜਨਤਾ ਨੂੰ ਜਗਾਇਆ ਸੀ। ਵਿਦੇਸ਼ਾਂ 'ਚੋਂ 10000 ਦੇ ਕਰੀਬ ਗਦਰ ਪਾਰਟੀ ਦੇ ਸਿਪਾਹੀ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਆਏ ਸਨ।ਇਹਨਾਂ ਹਿੰਦੁਸਤਾਨੀਆਂ ਨੂੰ ਵਿਦੇਸ਼ਾਂ ਵਿੱਚ ਕਿਰਤ ਕਰਦਿਆਂ ਸੋਝੀ ਆਈ ਕਿ ਕਿਉਂ ਨਾ ਆਪਣਾ ਦੇਸ਼ ਆਜ਼ਾਦ ਕਰਾਇਆ ਜਾਵੇ। ਸਾਡੇ ਦੇਸ਼ ਦੀ ਧਨ-ਦੌਲਤ ਅੰਗਰੇਜ਼ ਲੁੱਟ ਕੇ ਆਪਣੇ ਦੇਸ਼ ਲਿਜਾ ਰਹੇ ਹਨ।ਵਿਦੇਸ਼ਾਂ ਵਿੱਚ ਕਿਰਤ ਕਰਨ ਗਿਆਂ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਆਈ ਖਬਰ ਇੱਕ ਦਿੱਲੀ ਤੋਂ ਫੇਰ ਤਕੜੀ,
ਹੋ ਗਏ ਸੈਂਪਲ ਦਵਾਈਆਂ ਦੇ ਫੇਲ੍ਹ ਬੇਲੀ।
ਜਿਸ ਬਿਮਾਰੀ ਦਾ ਕਹਿਣ ਇਲਾਜ ਕਰਨਾ,
ਉਸ ਦੇ ਨਾਲ ਨਹੀਂ ਇਨ੍ਹਾਂ ਦਾ ਮੇਲ ਬੇਲੀ।
ਸੈਂਪਲ ਪਹਿਲਾਂ ਵੀ ਏਦਾਂ ਕਈ ਫੇਲ੍ਹ ਹੋਏ,
ਤਦ ਤੱਕ ਹੋ ਗਈ ਕਰੋੜਾਂ ਦੀ ਸੇਲ ਬੇਲੀ।
ਹੁੰਦਾ ਸੈਂਪਲ ਵੀ ਫੇਲ੍ਹ ਕੋਈ ਫਰਕ ਹੈ ਨਾ,
ਅਮੀਰਾਂ ਚੂਸ ਲਿਆ ਲੋਕਾਂ ਦਾ ਤੇਲ ਬੇਲੀ।
ਸਾਰਾ ਸਿਸਟਮ ਆ ਮਾੜਾ ਤੇ ਚੋਰ ਤਕੜੇ,
ਲੱਗਦੀ ਧਾਂਦਲੀ 'ਤੇ ਕੋਈ ਨਾ ਰੋਕ ਬੇਲੀ।
ਲਾਉਣੀ ਰੋਕ ਤਾਂ ਲਾਊ ਇਹ ਕੌਣ ਕਿਦਾਂ,
ਇੱਕ ਇੱਕ ਨਾੜ ਤੱਕ ਚੰਬੜੀ ਜੋਕ ਬੇਲੀ।

-ਤੀਸ ਮਾਰ ਖਾਂ

## ਨੇੜਲੇ ਸਕੂਲ 'ਚ ਦਾਖਲਾ ਲੈਣ ਦੇ ਅਧਿਕਾਰ 'ਤੇ ਡਾਕਾ ਨਾ ਮਾਰਿਆ ਜਾਵੇ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਨੇ 24 ਮਾਰਚ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਪੱਤਰ ਜਾਰੀ ਕਰਕੇ ਸਕੂਲ ਆਫ਼ ਐਮੀਨੈਂਸ (ਐੱਸ ਓ ਈ) ਵਿੱਚ ਨਾਨ ਐੱਸ ਓ ਈ ਵਿਦਿਆਰਥੀਆਂ ਨੂੰ ਛੇਵੀਂ, ਨੌਵੀਂ ਅਤੇ ਗਿਆਰ੍ਹਵੀਂ ਜਮਾਤ ਵਿੱਚ ਘੱਟ ਤੋਂ ਘੱਟ ਦਾਖਲੇ ਦੇਣ ਦੇ ਆਦੇਸ਼ ਦਿੱਤੇ ਹਨ। ਭਾਵ ਜਿਸ ਪਿੰਡ/ਸ਼ਹਿਰ ਵਿੱਚ ਵਿਦਿਆਰਥੀ ਲਈ ਸਭ ਤੋਂ ਨਜ਼ਦੀਕ ਐੱਸ ਓ ਈ ਸਕੂਲ ਹੈ ਤਾਂ ਉਸ ਵਿਦਿਆਰਥੀ ਨੂੰ ਛੇਵੀਂ ਵਿੱਚ ਦਾਖਲਾ ਦੇਣ ਦੀ ਥਾਂ ਟਾਲਿਆ ਜਾਵੇਗਾ ਅਤੇ ਪ੍ਰੇਰਿਤ ਕਰਕੇ ਨੇੜੇ ਦੇ ਨੌਨ ਐੱਸ ਓ ਈ ਸਕੂਲ ਵਿੱਚ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ, ਜੋ ਅਸਲ ਵਿੱਚ ਨਜ਼ਦੀਕ ਹੋਣ ਦੀ ਥਾਂ 5 ਤੋਂ 10 ਕਿਲੋਮੀਟਰ ਜਾਂ ਇਸ ਤੋਂ ਵੱਧ ਦੂਰ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਜੇ ਕਰ

• ਬਾਕੀ ਸਫਾ 2 'ਤੇ




ਨਵਾਂ ਜ਼ਮਾਨਾ
ਸੋਮਵਾਰ, 31 ਮਾਰਚ 2025

# ਸ਼ਰਮਨਾਕ

ਸਫਾਈ ਕਰਮਚਾਰੀ ਅੰਦੋਲਨ ਦੀ ਅਗਵਾਈ 'ਚ ਬੀਤੇ ਦਿਨ ਦਿੱਲੀ ਦੇ ਜੰਤਰ-ਮੰਤਰ ਵਿਖੇ ਦੇਸ਼-ਭਰ ਤੋਂ ਪੁੱਜੇ ਸਫਾਈ ਸੇਵਕਾਂ ਨੇ ਰੈਲੀ ਕਰਕੇ ਸੀਵਰ-ਸੈਪਟਿਕ ਟੈਂਕੀਆਂ ਵਿੱਚ ਹੋਣ ਵਾਲੀਆਂ ਮੌਤਾਂ ਅਤੇ ਮੈਲਾ ਢੋਣ ਦੀ ਪ੍ਰਥਾ ਖਿਲਾਫ ਗੁੱਸੇ ਦਾ ਪ੍ਰਗਟਾਵਾ ਕੀਤਾ। ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ 419 ਸਫਾਈ ਕਰਮਚਾਰੀਆਂ ਦੀਆਂ ਸੀਵਰ ਤੇ ਸੈਪਟਿਕ ਟੈਂਕਾਂ ਦੀ ਸਫਾਈ ਦੌਰਾਨ ਮੌਤਾਂ ਹੋਈਆਂ ਹਨ, ਯਾਨੀ ਕਿ ਹਰ ਚੌਥੇ ਦਿਨ ਇੱਕ ਭਾਰਤੀ ਦੀ ਗਟਰ ਵਿੱਚ ਮੌਤ ਹੁੰਦੀ ਹੈ। ਇਹ ਕੌਮੀ ਸ਼ਰਮ ਦਾ ਮੁੱਦਾ ਹੈ। ਰੈਲੀ ਵਿੱਚ ਇਕੱਠੇ ਹੋਏ ਸਫਾਈ ਕਰਮਚਾਰੀ ਨਾਅਰਾ ਲਾ ਰਹੇ ਸੀ—ਸਾਨੂੰ ਮਾਰਨਾ ਬੰਦ ਕਰੋ। ਰੈਲੀ ਦੇ ਜਥੇਬੰਦਕਾਂ ਨੇ ਇਸ ਮੌਕੇ ਪ੍ਰਧਾਨ ਮੰਤਰੀ ਦੇ ਨਾਂਅ ਮੈਮੋਰੰਡਮ ਵੀ ਘੱਲਿਆ, ਜਿਸ ਵਿੱਚ ਮੌਤਾਂ ਦੀ ਰੋਕਥਾਮ ਲਈ ਤੁਰੰਤ ਕਦਮ ਚੁੱਕਣ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੁੱਕੀਆਂ ਟਾਇਲਟਾਂ ਨੂੰ ਤੁਰੰਤ ਖਤਮ ਕੀਤਾ ਜਾਵੇ ਅਤੇ ਕਾਨੂੰਨ ਮੁਤਾਬਕ ਸਾਰੇ ਮੈਲਾ ਢੋਣ ਵਾਲਿਆਂ ਦਾ ਮੁੜ ਵਸੇਬਾ ਕੀਤਾ ਜਾਵੇ।

ਸਫਾਈ ਕਰਮਚਾਰੀਆਂ ਦੇ ਆਗੂ ਤੇ ਮੈਗਸੇਸੇ ਪੁਰਸਕਾਰ ਜੇਤੂ ਬੇਜਵਾੜਾ ਵਿਲਸਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਫਾਈ ਕਰਮਚਾਰੀ ਮੈਲਾ ਢੋਣ ਦੀ ਪ੍ਰਥਾ ਜਾਰੀ ਰਹਿਣ ਕਾਰਨ ਬਹੁਤ ਪ੍ਰੇਸ਼ਾਨ ਤੇ ਗੁੱਸੇ ਵਿੱਚ ਹਨ। ਉਹ ਦੇਸ਼-ਭਰ ਵਿੱਚ ਇਕੱਠੇ ਹੋ ਕੇ ਇਸ ਅਣਮਨੁੱਖੀ ਸੰਵੇਦਨਹੀਣਤਾ ਖਿਲਾਫ ਆਵਾਜ਼ ਉਠਾ ਰਹੇ ਹਨ। ਸਫਾਈ ਕਰਮਚਾਰੀਆਂ ਨੂੰ ਜਾਤੀ ਵਿਤਕਰੇ ਤੇ ਛੂਤਛਾਤ ਦੇ ਚੱਕਰ ਵਿੱਚ ਫਸਾਇਆ ਜਾ ਰਿਹਾ ਹੈ। ਸਰਕਾਰ ਨੇ ਸਫਾਈ ਕਰਮਚਾਰੀਆਂ ਵੱਲੋਂ ਮੂੰਹ ਮੋੜ ਲਿਆ ਹੈ ਅਤੇ ਜਾਤੀਵਾਦੀ ਤਾਕਤਾਂ ਖਿਲਾਫ ਉਨ੍ਹਾਂ ਦੀ ਲੜਾਈ ਨੂੰ ਦੇਖਣ ਤੋਂ ਵੀ ਇਨਕਾਰ ਕਰ ਰਹੀ ਹੈ। ਭਾਰਤ ਸਰਕਾਰ ਦਾ ਸਮਾਜੀ ਨਿਆਂ ਤੇ ਅਧਿਕਾਰਤਾ ਮੰਤਰਾਲਾ ਇਸ ਸਚਾਈ ਨੂੰ ਮੰਨਣ ਤੋਂ ਇਨਕਾਰੀ ਹੈ ਕਿ ਮੈਲਾ ਢੋਣ ਦੀ ਪ੍ਰਥਾ ਜਾਰੀ ਹੈ, ਸੁੱਕੀਆਂ ਟਾਇਲਟਾਂ ਮੌਜੂਦ ਹਨ ਤੇ ਸੀਵਰ ਵਿੱਚ ਸਫਾਈ ਕਰਮਚਾਰੀਆਂ ਦੀਆਂ ਮੌਤਾਂ ਹੋ ਰਹੀਆਂ ਹਨ। ਮੰਤਰੀ ਸੰਸਦ ਵਿੱਚ ਵਾਰ-ਵਾਰ ਝੂਠਾ ਦਾਅਵਾ ਕਰ ਰਹੇ ਹਨ ਕਿ ਮੈਲਾ ਢੋਣ ਦੀ ਪ੍ਰਥਾ ਖਤਮ ਹੋ ਚੁੱਕੀ ਹੈ। ਇਹ ਨਾ ਸਿਰਫ ਸ਼ਰਮਨਾਕ ਹੈ, ਸਗੋਂ ਸਫਾਈ ਕਰਮਚਾਰੀ ਭਾਈਚਾਰੇ ਖਿਲਾਫ ਹਿੰਸਾ ਹੈ। ਅਜੇ 16 ਮਾਰਚ ਨੂੰ ਦਿੱਲੀ ਜਲ ਬੋਰਡ ਨੇ ਨਿਊ ਫਰੈਂਡਜ਼ ਕਾਲੋਨੀ ਵਿੱਚ ਤਿੰਨ ਵਿਅਕਤੀਆਂ ਨੂੰ ਮੈਨਹੋਲ 'ਚ ਉਤਰਨ ਲਈ ਮਜਬੂਰ ਕੀਤਾ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ, ਜਦਕਿ ਦੂਜੇ ਦੋ ਹਸਪਤਾਲ ਵਿੱਚ ਮੌਤ ਨਾਲ ਸੰਘਰਸ਼ ਕਰ ਰਹੇ ਹਨ, ਪਰ ਸਰਕਾਰੀ ਤੰਤਰ ਖਾਮੋਸ਼ ਹੈ। ਕਈ ਰਾਜਾਂ ਵਿੱਚ ਸੁੱਕੀਆਂ ਟਾਇਲਟਾਂ ਮੌਜੂਦ ਹਨ ਤੇ ਮਹਿਲਾ ਸਫਾਈ ਕਰਮਚਾਰੀਆਂ ਨੂੰ ਇਨ੍ਹਾਂ ਦੀ ਸਫਾਈ ਲਈ ਮਜਬੂਰ ਕੀਤਾ ਜਾ ਰਿਹਾ ਹੈ। ਯੂ ਪੀ, ਮੱਧ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਜੰਮੂ-ਕਸ਼ਮੀਰ ਦੇ 36 ਜ਼ਿਲ੍ਹਿਆਂ ਵਿੱਚ ਸੁੱਕੀਆਂ ਟਾਇਲਟਾਂ ਅਜੇ ਵੀ ਮੌਜੂਦ ਹਨ।

ਅਸਮਾਨ ਨੂੰ ਟਾਕੀਆਂ ਲਾਉਣ ਨਿਕਲੀ ਹੋਈ ਮੋਦੀ ਸਰਕਾਰ ਹੇਠ ਸਫਾਈ ਕਰਮਚਾਰੀਆਂ ਨਾਲ ਅਜਿਹਾ ਅਣਮਨੁੱਖੀ ਸਲੂਕ ਦਰਸਾਉਂਦਾ ਹੈ ਕਿ ਛੋਟੀਆਂ ਜਾਤੀਆਂ ਵਾਲਿਆਂ ਦੀ ਹਾਲਤ ਕੀ ਹੈ। ਸਿਰਫ ਰਿਜ਼ਰਵੇਸ਼ਨ, ਵਜ਼ੀਫੇ ਜਾਂ ਮੁਫਤ ਰਾਸ਼ਨ ਦੇ ਕੇ ਇਨ੍ਹਾਂ ਦੀ ਹਾਲਤ ਨਹੀਂ ਸੁਧਾਰੀ ਜਾ ਸਕਦੀ। ਸਰਕਾਰ ਇਨ੍ਹਾਂ ਨੂੰ ਇਨਸਾਨ ਸਮਝੇ ਅਤੇ ਸੀਵਰ ਵਿੱਚ ਵੜਨ ਲਈ ਆਧੁਨਿਕ ਕਿੱਟਾਂ ਦੀ ਵਰਤੋਂ ਯਕੀਨੀ ਬਣਾਏ ਤਾਂ ਕਿ ਉਹ ਸੀਵਰ 'ਚ ਹੀ ਸਵਾਸ ਨਾ ਤਿਆਗਣ।

## ਪਾਠਕ-ਸੱਥ

### ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਓ, ਕੌਣ ਰੋਕਦਾ ? ਪਰ...

(ਘਰ ਨਹੀਂ, ਮਹਿਲ ਢਾਵੋ)

ਨਸ਼ਿਆਂ ਦੇ ਵਰਤਾਰੇ ਖਿਲਾਫ ਕਾਰਵਾਈ ਸੁਆਗਤਯੋਗ ਹੈ, ਪਰ ਤਿੰਨ ਵਰ੍ਹੇ ਸੁੱਤੀ ਰਹੀ ਪੰਜਾਬ ਸਰਕਾਰ ਨੇ ਹੁਣ ਇਸ ਸਮੱਸਿਆ ਪ੍ਰਤੀ ਮੁਸ਼ਤੈਦ ਹੋਣ ਦਾ ਪ੍ਰਭਾਵ ਦੇਣ ਲਈ ਕਥਿਤ ਦੋਸ਼ੀਆਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਦਾ ਜਿਹੜਾ ਗੈਰ-ਕਾਨੂੰਨੀ ਅਮਲ ਫੜ ਲਿਆ ਹੈ, ਉਹ ਇਨਸਾਫ ਤੇ ਜਮਹੂਰੀ ਤਕਾਜ਼ਿਆਂ ਅਨੁਸਾਰ ਖਰਾ ਨਹੀਂ।

ਕਿਸੇ ਵੀ ਜੁਰਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਨਿਰਧਾਰਤ ਕਾਨੂੰਨੀ ਤੇ ਸੰਵਿਧਾਨਿਕ ਅਮਲ ਹੈ। ਪੁਲਸ ਨੂੰ ਅਜਿਹੀਆਂ ਬੇ-ਹਿਸਾਬ ਸ਼ਕਤੀਆਂ ਦੇਣਾ ਲੋਕਾਂ ਨਾਲ ਸੰਭਾਵਿਤ ਬੇਇਨਸਾਫੀਆਂ 'ਚ ਹੋਰ ਵਾਧੇ ਦਾ ਅਚੇਤ-ਸੁਚੇਤ ਕਾਰਕ ਬਣ ਜਾਂਦਾ ਹੈ। ਪੰਜਾਬ ਦੇ ਲੋਕ ਪਹਿਲਾਂ ਵੀ ਡੇਢ ਦਹਾਕਾ ਪੁਲਸ ਨੂੰ ਮਿਲੀਆਂ ਅਜਿਹੀਆਂ ਬੇਲਗਾਮ ਤਾਕਤਾਂ ਦਾ ਸੰਤਾਪ ਹੰਢਾ ਚੁੱਕੇ ਹਨ।

ਯੂ.ਪੀ. ਅਤੇ ਕੁੱਝ ਇੱਕ ਹੋਰ ਸੂਬਿਆਂ ਵਿਚ ਅਜਿਹੇ ਪਿਛਾਖੜੀ ਤੇ ਫਾਸ਼ਿਸਟ ਢੰਗਾਂ ਦਾ ਸਹਾਰਾ ਲਿਆ ਜਾ ਰਿਹਾ ਹੈ, ਪੰਜਾਬ ਸਰਕਾਰ ਅਜਿਹਾ ਕਰਕੇ ਉਸ ਦੀ ਪ੍ਰੋੜ੍ਹਤਾ ਕਰ ਰਹੀ ਹੈ। ਜਿਸ ਦੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਉਲੰਘਣਾ ਦੇ ਪੱਖ ਤੋਂ ਗੰਭੀਰ ਸਿੱਟੇ ਨਿਕਲਣਗੇ।

ਦੋਸ਼ੀਆਂ ਨੂੰ ਸਜ਼ਾ ਦਿਓ, ਅਸਾਸੇ ਜ਼ਬਤ ਕਰੋ। ਕੌਣ ਰੋਕਦਾ ? ਪਰ, ਟੱਬਰ ਦਾ ਕੀ ਕਸੂਰ ? ਇਹ ਵੀ ਚੇਤੇ ਰੱਖੋ।

ਮੁੱਕਦੀ ਗੱਲ; ਸਾਨੂੰ ਸਮਝਣਾ ਪਵੇਗਾ ਕਿ ਬੁਲਡੋਜ਼ਰ ਦਾ ਪ੍ਰਯੋਗ ਗੈਰ-ਕਾਨੂੰਨੀ, ਗੈਰ-ਸੰਵਿਧਾਨਿਕ ਹੈ ਤੇ ਤਾਨਾਸ਼ਾਹੀ ਰਾਜ ਦੀ ਪਹਿਲੀ ਪੌੜੀ ਹੈ।ਬੁਲਡੋਜ਼ਰ ਨਸ਼ਾ ਤਸਕਰਾਂ ਦੇ ਘਰ ਢਾਹੁਣ ਤੋਂ ਬਾਅਦ ਕਦ ਚੌਤਰਫਾ ਕੁਦਰਤ ਅਤੇ ਸਹਿਹੋਂਦ ਢਾਹੁਣ ਲੱਗ ਜਾਵੇ, ਪਤਾ ਵੀ ਨਹੀਂ ਲੱਗੇਗਾ। ਗੇਮ ਭਾਵੇਂ ਰਲ ਕੇ ਖੇਡੀ ਹੋਵੇ, ਬੁਲਡੋਜ਼ ਕੀਤਾ ਕਿਸਾਨ ਮੋਰਚਾ ਇਸ ਦਾ ਭਵਿੱਖੀ ਇਜ਼ਹਾਰ ਹੈ।

ਹਰ ਇਨਸਾਫ-ਪਸੰਦ ਵਿਅਕਤੀ ਨੂੰ ਇਸ ਪ੍ਰਵਿਰਤੀ ਵਿਰੁੱਧ, ਤੁਰਤ ਪੈਰ, ਸੰਘਰਸ਼ ਦਾ ਮੁੱਠਾ ਲਹਿਰਾਉਣਾ ਚਾਹੀਦਾ ਹੈ, ਨਾ ਕਿ ਮੂਰਖਾਂ ਵਾਂਗ ਤਾੜੀਆਂ ਮਾਰਨੀਆਂ।

**- ਵਿਜੈ ਬੰਬੇਲੀ**

# ਟਰੰਪ ਦਾ ਬਰੇਨ ਚਾਈਲਡ ਪ੍ਰਾਜੈਕਟ-2025

**ਜਸਵੰਤ ਜੀਰਖ**

ਡੋਨਾਲਡ ਟਰੰਪ ਦਾ ਬਰੇਨ ਚਾਈਲਡ ਪ੍ਰਾਜੈਕਟ-2025 ਉਸ ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚਾਉਣ ਵਿੱਚ ਕਾਰਗਰ ਸਾਬਤ ਹੋਇਆ ਹੈ। ਇਸ ਕਰਕੇ ਰਾਸ਼ਟਰਪਤੀ ਟਰੰਪ ਆਪਣਾ ਅਹੁਦਾ ਸੰਭਾਲਦਿਆਂ ਹੀ 'ਪ੍ਰਾਜੈਕਟ-2025' ਨੂੰ ਲਾਗੂ ਕਰਨ ਲਈ ਮਨਮਾਨੀਆਂ ਕਰਨ 'ਤੇ ਉਤਰ ਆਏ ਹਨ, ਕਿਉਂਕਿ ਉਸ ਨੇ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਜਿਹੜੀ ਡੌਂਡੀ ਪਿੱਟੀ ਸੀ, ਉਸ 'ਤੇ ਹਰ ਹਾਲਤ ਵਿੱਚ ਅਮਲ ਕਰਨ ਵਿੱਚ ਜ਼ੋਰ-ਜ਼ਬਰਦਸਤੀ ਕਰ ਰਿਹਾ ਹੈ। ਉਹ ਆਪਣੀ ਕਹੀ ਹਰ ਗੱਲ ਨੂੰ ਹੁਕਮ ਦੇ ਤੌਰ 'ਤੇ ਲਾਗੂ ਕਰਨਾ ਚਾਹੁੰਦਾ ਹੈ, ਜਦੋਂ ਕਿ ਅਮਰੀਕਾ ਦੇ ਸੰਵਿਧਾਨ ਅਨੁਸਾਰ ਸਰਕਾਰ ਦਾ ਇੱਕ ਕਾਇਦਾ ਕਾਨੂੰਨ ਹੈ, ਉਸ ਅਨੁਸਾਰ ਹੀ ਕਾਰਜ-ਪ੍ਰਣਾਲੀ ਕੰਮ ਕਰੇਗੀ, ਜਿਸ ਕਰਕੇ ਕਚਹਿਰੀਆਂ ਉਸ ਦੇ ਕਈ ਹੁਕਮਾਂ 'ਤੇ ਪਾਬੰਦੀਆਂ ਲਾ ਚੁੱਕੀਆਂ ਹਨ। ਅਮਰੀਕਾ ਵਿੱਚ ਉਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਰੈੱਡ ਇੰਡੀਅਨ ਕਿਹਾ ਜਾਂਦਾ ਹੈ, ਬਹੁਤ ਥੋੜ੍ਹੀ ਮਾਤਰਾ ਵਿੱਚ ਹਨ। ਵਰਤਮਾਨ ਸਮੇਂ ਬਹੁਤੇ ਅਮਰੀਕਨ ਸੰਸਾਰ ਦੇ ਹੋਰ ਦੇਸ਼ਾਂ ਤੋਂ ਪ੍ਰਵਾਸ ਕਰਕੇ ਹੀ ਅਮਰੀਕਾ ਵਿੱਚ ਆਏ ਹੋਏ ਹਨ। ਮੂਲ ਨਿਵਾਸੀਆਂ ਨੂੰ ਵੱਖਰੀਆਂ ਕਾਲੋਨੀਆਂ ਵਿੱਚ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਰਾਸ਼ਣ ਅਤੇ ਹੋਰ ਸਾਮਾਨ ਸਸਤੀਆਂ ਦਰਾਂ 'ਤੇ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਗਿਣਤੀ ਅਮਰੀਕਾ ਦੇ ਰਾਜ ਪ੍ਰਬੰਧ ਵਿੱਚ ਨਾ ਤਾਂ ਹਿੱਸੇਦਾਰ ਹੈ ਅਤੇ ਨਾ ਹੀ ਰਾਜ-ਭਾਗ ਦੀ ਤਬਦੀਲੀ ਵਿੱਚ ਬਹੁਤਾ ਯੋਗਦਾਨ ਪਾ ਸਕਦੀ ਹੈ। ਉਹ ਆਰਾਮਪ੍ਰਸਤ ਲੋਕ ਹਨ। ਟਰੰਪ ਨੇ ਸਥਾਨਕ ਮੂਲ ਨਿਵਾਸੀ ਅਮਰੀਕੀਆਂ ਦੇ ਹਿੱਤਾਂ 'ਤੇ ਪਹਿਰਾ ਦੇਣ ਦਾ ਅਜਿਹਾ ਪੱਤਾ ਖੇਡਿਆ, ਜਿਹੜਾ ਟਰੰਪ ਲਈ ਸਾਰਥਿਕ ਸਾਬਤ ਹੋਇਆ, ਕਿਉਂਕਿ ਡੋਨਾਲਡ ਟਰੰਪ ਕਹਿੰਦਾ ਹੈ ਕਿ ਪ੍ਰਵਾਸੀਆਂ ਨੇ ਅਮਰੀਕਾ ਵਿੱਚ ਆ ਕੇ ਸਥਾਨਕ ਲੋਕਾਂ ਦੇ ਹੱਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਥਾਨਕ ਲੋਕ ਬੇਰੋਜ਼ਗਾਰ ਹੋ ਗਏ ਹਨ। ਹਾਲਾਂ ਕਿ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆਂ ਵੀ ਪ੍ਰਵਾਸੀ ਹੈ। ਪ੍ਰਵਾਸੀਆਂ ਨੇ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਵਿਓਪਾਰੀ ਲੋਕਾਂ ਨੂੰ ਸਸਤੇ ਆਈ ਟੀ ਮਾਹਰ ਅਤੇ ਕਾਮੇ ਮਿਲ ਰਹੇ ਹਨ, ਇਸ ਕਰਕੇ ਬਹੁਤੇ ਵਿਓਪਾਰੀ ਟਰੰਪ ਦੀ ਇਸ ਨੀਤੀ ਨਾਲ ਸਹਿਮਤ ਨਹੀਂ ਹਨ, ਪ੍ਰੰਤੂ ਟਰੰਪ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਹਾਲਾਂਕਿ ਟਰੰਪ ਖੁਦ ਇੱਕ ਬਹੁਤ ਵੱਡਾ ਕਾਰੋਬਾਰੀ ਹੈ, ਪ੍ਰੰਤੂ ਸਿਆਸਤ ਦੇ ਨਸ਼ੇ ਵਿੱਚ ਆਪ-ਮੁਹਾਰਾ ਹੋਇਆ ਫਿਰਦਾ ਹੈ। ਉਸ ਨੇ ਜੋ ਆਪਣਾ ਏਜੰਡਾ ਬਣਾਇਆ ਹੈ, ਉਸ ਨੂੰ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਉਸੇ ਲੜੀ ਵਿੱਚ ਉਸ ਨੇ ਸੰਸਾਰ ਵਿੱਚੋਂ ਗ਼ੈਰਕਾਨੂੰਨੀ ਢੰਗ ਨਾਲ ਆਏ ਪਰਵਾਸੀਆਂ ਨੂੰ ਅਮਰੀਕਾ ਵਿੱਚੋਂ ਬਾਹਰ ਕੱਢਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। 18000 ਗ਼ੈਰ-ਕਾਨੂੰਨੀ ਭਾਰਤੀਆਂ 'ਤੇ ਵੀ ਦੇਸ਼-ਨਿਕਾਲੇ ਦੀ ਤਲਵਾਰ ਲਟਕ ਰਹੀ ਹੈ।

ਟਰੰਪ ਨੇ ਨਵੰਬਰ 2016 ਦੀ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਪਹਿਲਾਂ ਅਮਰੀਕਨਾਂ ਦੇ ਸੁਨਹਿਰੇ ਭਵਿੱਖ ਲਈ ਇੱਕ ਪ੍ਰਾਜੈਕਟ/ਯੋਜਨਾ ਬਣਾਈ ਸੀ, ਜਿਸ ਨੂੰ ਉਹ ਪਹਿਲੀ ਵਾਰ ਚੋਣ ਜਿੱਤਣ ਤੋਂ ਬਾਅਦ ਪੂਰੀ ਤਰ੍ਹਾਂ ਲਾਗੂ ਨਾ ਕਰ ਸਕਿਆ। ਇਸ ਪ੍ਰਾਜੈਕਟ/ਯੋਜਨਾ ਦਾ 2023 ਦੇ ਸ਼ੁਰੂ ਵਿੱਚ ਜ਼ਬਰਦਸਤ ਚੋਣ ਪ੍ਰਚਾਰ ਟਰੰਪ ਟੀਮ ਨੇ ਕੀਤਾ, ਜਿਸ ਵਿੱਚ ਉਹ ਸਫ਼ਲ ਹੋ ਗਏ, ਕਿਉਂਕਿ ਉਹ ਚੋਣ ਪ੍ਰਚਾਰ ਵਿੱਚ ਲੋਕਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਰਹੇ। ਇਸ ਪ੍ਰਾਜੈਕਟ/ਯੋਜਨਾ ਨੂੰ 37 ਵਿਅਕਤੀਆਂ/ਲੇਖਕਾਂ ਨੇ ਬਣਾਇਆ। ਇਨ੍ਹਾਂ 37 ਵਿਚੋਂ 27 ਵਿਅਕਤੀ/ਲੇਖਕ ਟਰੰਪ ਦੀ ਪਿਛਲੀ ਸਰਕਾਰ ਵਿੱਚ ਅਹਿਮ ਅਹੁਦਿਆਂ 'ਤੇ ਨਿਯੁਕਤ ਸਨ ਅਤੇ ਬਾਕੀ 10 ਵੀ ਉਸ ਦੇ ਅਤਿਅੰਤ ਨਜ਼ਦੀਕੀ ਵਿਅਕਤੀ/ ਲੇਖਕ ਹਨ। ਇਸ ਪ੍ਰਾਜੈਕਟ ਨੂੰ 100 ਤੋਂ ਵੱਧ ਰੂੜ੍ਹੀਵਾਦੀ ਸੰਗਠਨਾਂ ਦੇ ਨੈੱਟਵਰਕ ਦਾ ਸਮਰਥਨ ਪ੍ਰਾਪਤ ਹੈ। ਨਵੰਬਰ 2024 ਦੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਉਸ ਨੇ ਆਪਣੇ ਨਜ਼ਦੀਕੀਆਂ ਜਿਹੜੇ 'ਹੈਰੀਟੇਜ ਫ਼ਾਊਂਡੇਸ਼ਨ' ਦੇ ਬੈਨਰ ਹੇਠ ਕੰਮ ਕਰਦੇ ਹਨ, ਰਾਹੀਂ ਉਸ ਪੁਰਾਣੀ ਯੋਜਨਾ/ਪ੍ਰਾਜੈਕਟ ਨੂੰ ਨਵਾਂ ਰੂਪ ਦੇ ਕੇ 'ਪ੍ਰਾਜੈਕਟ-2025' ਦੇ ਬੈਨਰ ਹੇਠ ਬਣਾਇਆ। ਹੈਰੀਟੇਜ ਫ਼ਾਊਂਡੇਸ਼ਨ ਇੱਕ ਕਿਸਮ ਨਾਲ ਭਾਰਤ ਦੀ ਆਰ ਐੱਸ ਐੱਸ ਦੀ ਤਰ੍ਹਾਂ ਹੈ, ਇਸ ਨੂੰ ਆਰ ਐੱਸ ਐੱਸ ਦਾ ਦੂਜਾ ਰੂਪ ਕਿਹਾ ਜਾ ਸਕਦਾ ਹੈ, ਜਿਸ ਦਾ ਟੀਚਾ ਅਮਰੀਕਾ ਨੂੰ ਸੰਭਾਵੀ ਰੂਪ ਵਿੱਚ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਤ ਕਰਨਾ ਹੈ, ਜਿਸ ਵਿੱਚ ਪਰਵਾਰਿਕ ਮੁੱਲਾਂ ਦੀ ਪੁਨਰ-ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਅਮਰੀਕਨਾਂ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹੈ। ਇਸ 'ਪ੍ਰਾਜੈਕਟ-2025' ਦਾ ਡੋਨਾਲਡ ਟਰੰਪ ਨੇ ਧੂੰਆਂਧਾਰ ਹਮਲਾਵਰ ਢੰਗ ਨਾਲ ਚੋਣ ਪ੍ਰਚਾਰ ਕੀਤਾ। ਇਸ ਦਾ ਭਾਵ ਹੈ ਕਿ ਇਹ ਪ੍ਰਾਜੈਕਟ/ਯੋਜਨਾ ਇੱਕ ਸੋਚੀ-ਸਮਝੀ ਪ੍ਰਣਾਲੀ ਨਾਲ ਲਾਗੂ ਕੀਤੀ ਜਾ ਰਹੀ ਹੈ। 'ਪ੍ਰਾਜੈਕਟ-2025' ਦੇ ਮੁੱਖ ਨਿਸ਼ਾਨੇ ਇਸ ਪ੍ਰਕਾਰ ਹਨ:

**ਮੂਲ ਰੂਪ-ਰੇਖਾ ਅਤੇ ਸਿਧਾਂਤ**

ਇਹ ਪ੍ਰਾਜੈਕਟ ਚਾਰ ਮੁੱਖ ਥੰਮ੍ਹਾਂ 'ਤੇ ਅਧਾਰਤ ਹੈ। ਨੀਤੀ ਏਜੰਡਾ, ਕਰਮਚਾਰੀ ਡਾਟਾਬੇਸ, ਪ੍ਰਸ਼ਾਸਨਿਕ ਸਿਖਲਾਈ ਅਤੇ ਪਹਿਲੇ 180 ਦਿਨਾਂ ਦੀ ਕਾਰਜ ਯੋਜਨਾ। ਇਸ ਪ੍ਰਾਜੈਕਟ ਦਾ ਮੁੱਖ ਮੁੱਦਾ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਤ ਕਰਨਾ ਹੈ, ਜਿਸ ਵਿੱਚ ਪਰਵਾਰਿਕ ਮੁੱਲਾਂ ਦੀ ਪੁਨਰ-ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹਨ।

**ਪ੍ਰਮੁੱਖ ਨੀਤੀਗਤ ਸਿਫ਼ਾਰਸ਼ਾਂ**

ਸਰਕਾਰੀ ਢਾਂਚੇ ਦਾ ਪੁਨਰਗਠਨ : 'ਪ੍ਰਾਜੈਕਟ-2025' ਵਿੱਚ ਸਿੱਖਿਆ ਵਿਭਾਗ (Department of Education) ਨੂੰ ਖ਼ਤਮ ਕਰਨ, ਸਰਕਾਰੀ ਕਰਮਚਾਰੀਆਂ ਦੀ ਭਰਤੀ ਪ੍ਰਕ੍ਰਿਆ ਨੂੰ ਰੱਦ ਕਰਨ ਅਤੇ ਨੌਕਰਸ਼ਾਹੀ ਨੂੰ ਘਟਾਉਣਾ ਦੀ ਸਿਫ਼ਾਰਸ਼ ਕਰਦਾ ਹੈ। ਇਹ ਹੈੱਡ ਸਟਾਰਟ ਪ੍ਰੋਗਰਾਮ ਦੇ ਪੂਰੇ ਖ਼ਾਤਮੇ ਦੀ ਵੀ ਮੰਗ ਕਰਦਾ ਹੈ, ਜੋ 8 ਲੱਖ ਤੋਂ ਵੱਧ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

**ਸਮਾਜਿਕ ਨੀਤੀਆਂ 'ਤੇ ਪ੍ਰਭਾਵ**

ਪ੍ਰਸੂਤੀ ਸੰਬੰਧੀ ਅਧਿਕਾਰਾਂ ਨੂੰ ਸੀਮਤ ਕਰਨ, ਗਰਭਪਾਤ ਦੀਆਂ ਦਵਾਈਆਂ (ਜਿਵੇਂ ਕਿ ਮਿਫਪ੍ਰਿਸਟੋਨ) 'ਤੇ ਪਾਬੰਦੀ ਲਗਾਉਣ ਅਤੇ LGBTQ+ ਅਧਿਕਾਰਾਂ ਵਿਰੁੱਧ ਕਾਰਵਾਈਆਂ ਦੀ ਯੋਜਨਾ ਬਣਾਈ ਗਈ ਹੈ। ਇਸ ਦੇ ਨਾਲ ਹੀ ਜਨਤਕ ਸੇਵਾ ਕਰਜ਼ਾ ਮਾਫ਼ੀ ਪ੍ਰੋਗਰਾਮ (Public Service Loan Forgiveness) ਨੂੰ ਖ਼ਤਮ ਕਰਨ ਦਾ ਪ੍ਰਸਤਾਵ ਹੈ।

**ਆਰਥਿਕ ਅਤੇ ਪਰਿਵਾਰਸਨਾਮੀ ਨੀਤੀਆਂ**

ਇਹ ਪ੍ਰਾਜੈਕਟ ਫਰਮਾਂ ਲਈ ਸਹਾਇਤਾ ਪ੍ਰੋਗਰਾਮਾਂ ਨੂੰ ਸੀਮਤ ਕਰਨ, ਜਨਤਕ ਆਵਾਜਾਈ ਦੀ ਫ਼ੰਡਿੰਗ ਨੂੰ ਘਟਾਉਣ ਅਤੇ ਜਲਵਾਯੂ ਨੂੰ ਲੈ ਕੇ ਨਿਯਮਾਂ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ। ਇਸ ਦੇ ਨਾਲ ਹੀ ਇਹ 'ਰੀਮੇਨ ਇਨ ਮੈਕਸੀਕੋ' ਨੀਤੀ ਨੂੰ ਮੁੜ ਲਾਗੂ ਕਰਨ ਅਤੇ ਸਰਹੱਦੀ ਕੰਧ ਦੇ ਨਿਰਮਾਣ ਨੂੰ ਤੇਜ਼ ਕਰਨ ਦੀ ਵਕਾਲਤ ਕਰਦਾ ਹੈ।

**ਲਾਗੂ ਹੋਣ ਦੀ ਵਰਤਮਾਨ ਸਥਿਤੀ**

**ਟਰੰਪ ਪ੍ਰਸ਼ਾਸਨ ਦੀਆਂ ਸ਼ੁਰੂਆਤੀ ਕਾਰਵਾਈਆਂ :** ਫ਼ਰਵਰੀ 2025 ਤੱਕ ਟਰੰਪ ਪ੍ਰਸ਼ਾਸ਼ਨ ਨੇ ਪਹਿਲਾਂ ਹੀ ਕਾਰਜਕਾਲੀ ਹੁਕਮ ਜਾਰੀ ਕੀਤੇ ਹਨ, ਜੋ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਵਿੱਚ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣਾ, ਅਲਾਸਕਾ ਵਿੱਚ ਤੇਲ ਅਤੇ ਗੈਸ ਡ੍ਰਿਲਿੰਗ ਨੂੰ ਵਧਾਉਣ ਅਤੇ ਪਰਵਾਸੀ ਨੀਤੀਆਂ ਨੂੰ ਸਖ਼ਤ ਕਰਨ ਵਰਗੇ ਕਦਮ ਸ਼ਾਮਲ ਹਨ।

**ਪ੍ਰਾਜੈਕਟ-2025 ਦੇ ਡਾਟਾਬੇਸ ਦੀ ਵਰਤੋਂ**

ਚੋਣ ਪ੍ਰਚਾਰ ਦੌਰਾਨ 'ਪ੍ਰਾਜੈਕਟ-2025' ਨੂੰ ਦੂਰ ਰੱਖਣ ਦੇ ਬਾਵਜੂਦ ਟਰੰਪ ਟੀਮ ਹੁਣ ਇਸ ਦੇ ਕਰਮਚਾਰੀ ਡਾਟਾ ਬੇਸ ਦੀ ਵਰਤੋਂ 4000 ਤੋਂ ਵੱਧ ਸਿਆਸੀ ਨਿਯੁਕਤੀਆਂ ਲਈ ਉਮੀਦਵਾਰ ਚੁਣਨ ਲਈ ਕਰ ਰਹੀ ਹੈ। ਇਸ ਡਾਟਾ ਬੇਸ ਨੂੰ 'ਰੂੜ੍ਹੀਵਾਦੀ LinkedIn' ਵਜੋਂ ਦਰਸਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰੀ-ਵੈਟ ਕੀਤੇ ਗਏ ਉਮੀਦਵਾਰਾਂ ਦੀ ਜਾਣਕਾਰੀ ਸ਼ਾਮਲ ਹੈ।

ਵਿਵਾਦ ਅਤੇ ਅਸਹਿਮਤੀਆਂ : **ਹਾਲਾਂਕਿ ਕਈ ਨੀਤੀਆਂ** ਨੂੰ ਲਾਗੂ ਕੀਤਾ ਜਾ ਰਿਹਾ ਹੈ, ਪ੍ਰੰਤੂ ਕੁਝ ਮਾਮਲਿਆਂ ਵਿੱਚ ਟਰੰਪ ਪ੍ਰਸ਼ਾਸਨ ਨੇ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਤੋਂ ਵੱਖਰੇ ਫ਼ੈਸਲੇ ਲਏ ਹਨ। ਉਦਾਹਰਣ ਲਈ ਜਨਮਜਾਤ ਨਾਗਰਿਕਤਾ (BirthRight Citizenship) ਨੂੰ ਚੁਣੌਤੀ ਦੇਣ ਜਾਂ ਊਰਜਾ ਐਮਰਜੈਂਸੀ ਦੀ ਘੋਸ਼ਣਾ ਕਰਨ ਦੇ ਪ੍ਰਸਤਾਵਾਂ ਨੂੰ ਅਜੇ ਤੱਕ ਨਹੀਂ ਅਪਣਾਇਆ ਗਿਆ ਹੈ।

**ਚੁਣੌਤੀਆਂ ਅਤੇ ਆਲੋਚਨਾਵਾਂ**

**ਕਾਨੂੰਨੀ ਅਤੇ ਸਮਾਜਿਕ ਵਿਰੋਧ :** ਟੈਕਸਾਸ ਅਤੇ ਵਾਸ਼ਿੰਗਟਨ ਵਰਗੇ ਰਾਜਾਂ ਵਿੱਚ 'ਪ੍ਰਾਜੈਕਟ-2025' ਦੀਆਂ ਨੀਤੀਆਂ ਦਾ ਪ੍ਰੀਖਣ ਕੀਤਾ ਜਾ ਰਿਹਾ ਹੈ, ਜਿਸ ਵਿੱਚ ਗਰਭਪਾਤ ਨੂੰ ਅਪ੍ਰਾਧਿਕ ਬਣਾਉਣ ਅਤੇ ਲਿੰਗ-ਅਧਾਰਿਤ ਸੁਰੱਖਿਆ ਉਪਾਵਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਇਹ ਕਦਮ ਅਦਾਲਤਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰ ਰਹੇ ਹਨ।

**ਅਰਥਚਾਰੇ 'ਤੇ ਪ੍ਰਭਾਵ :** ਆਲੋਚਕਾਂ ਦਾ ਦਾਅਵਾ ਹੈ ਕਿ 'ਪ੍ਰਾਜੈਕਟ-2025' ਦੀਆਂ ਨੀਤੀਆਂ ਨਾਲ ਕਿਸਾਨਾਂ ਲਈ ਸਹਾਇਤਾ ਪ੍ਰੋਗਰਾਮ ਘਟਣਗੇ, ਜਨਤਕ ਆਵਾਜਾਈ ਦੇ ਬਜਟ ਵਿੱਚ ਕਟੌਤੀ ਹੋਵੇਗੀ ਅਤੇ ਮਜ਼ਦੂਰਾਂ ਦੇ ਅਧਿਕਾਰ ਘਟਣਗੇ। ਇਸ ਦੇ ਨਾਲ ਹੀ ਜਲਵਾਯੂ ਪਰਿਵਰਤਨ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਨੀਤੀਆਂ ਨੂੰ ਵਿਗਿਆਨਕ ਸਮੁਦਾਇ ਦੁਆਰਾ ਖ਼ਾਰਜ ਕੀਤਾ ਗਿਆ ਹੈ।

**ਨਤੀਜੇ ਅਤੇ ਭਵਿੱਖ ਦੀਆਂ ਸੰਭਾਵਨਾਵਾਂ**

'ਪ੍ਰਾਜੈਕਟ-2025' ਦਾ ਸਫ਼ਲ ਹੋਣਾ ਰਾਜਨੀਤਕ ਸਹਿਯੋਗ, ਨਿਆਂ ਪਾਲਿਕਾ ਦੀਆਂ ਪ੍ਰਤੀਕ੍ਰਿਆਵਾਂ ਅਤੇ ਜਨਤਕ ਪ੍ਰਤੀਕ੍ਰਿਆ 'ਤੇ ਨਿਰਭਰ ਕਰੇਗਾ। ਹਾਲਾਂਕਿ ਇਸ ਦੇ ਸਮਰਥਕ ਇਸਨੂੰ 'ਡੂੰਘੇ ਰਾਜ (Deep State)' ਨੂੰ ਖ਼ਤਮ ਕਰਨ ਦਾ ਇੱਕ ਸਾਧਨ ਦੱਸਦੇ ਹਨ, ਪ੍ਰੰਤੂ ਵਿਰੋਧੀਆਂ ਨੇ ਇਸ ਨੂੰ ਲੋਕਤੰਤਰ ਲਈ ਖ਼ਤਰਾ ਦੱਸਿਆ ਹੈ। ਭਵਿਖ ਵਿੱਚ ਇਸ ਪ੍ਰਾਜੈਕਟ ਦਾ ਪ੍ਰਭਾਵ ਅਮਰੀਕੀ ਸਮਾਜ ਦੇ ਹਰ ਪੱਖ 'ਤੇ ਪਵੇਗਾ, ਜਿਸ ਵਿੱਚ ਸਿੱਖਿਆ, ਸਿਹਤ ਅਤੇ ਵਾਤਾਵਰਨ ਸ਼ਾਮਲ ਹਨ।

ਟਰੰਪ 'ਪ੍ਰਾਜੈਕਟ-2025' ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ, ਭਾਵੇਂ ਉਸ ਦੇ ਰਾਹ ਵਿੱਚ ਕਈ ਕਿਸਮ ਦੀਆਂ ਅੜਚਣਾਂ ਆ ਰਹੀਆਂ ਹਨ, ਜਿਨ੍ਹਾਂ ਵਿੱਚ ਟਰੰਪ ਵੱਲੋਂ ਐਲਨ ਮਸਕ ਨਾਲ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸੈਂਸੀ ਖ਼ਰਚੇ ਘਟਾਉਣ ਵਾਲੇ ਵਿਭਾਗ ਦੇ ਕੋ-ਚੇਅਰਮੈਨ ਨਾਮਜ਼ਦ ਭਾਰਤੀ ਮੂਲ ਦੇ ਅਮਰੀਕਨ ਵਿਵੇਕ ਰਾਮਾਸਵਾਮੀ ਨੇ ਪ੍ਰਵਾਸੀਆਂ ਸੰਬੰਧੀ ਟਰੰਪ ਦੇ ਫ਼ੈਸਲੇ ਨੂੰ ਲੈ ਕੇ ਅਸਤੀਫ਼ਾ ਦੇ ਦਿੱਤਾ ਸੀ, ਪ੍ਰੰਤੂ ਟਰੰਪ ਆਪਣੇ ਫ਼ੈਸਲੇ ਲਾਗੂ ਕਰਵਾਉਣ ਲਈ ਬਜ਼ਿਦ ਹੈ। ਉਹ ਆਪਣੇ ਕਿਸੇ ਸਹਿਯੋਗੀ ਦੀ ਵੀ ਪਰਵਾਹ ਨਹੀਂ ਕਰਦਾ। ਕਈ ਵਾਰੀ ਰਾਸ਼ਟਰਪਤੀ ਟਰੰਪ ਭਾਰਤ ਦੇ ਸਿਆਸਤਦਾਨਾਂ ਵਾਂਗੂੰ ਅਜੀਬ ਕਿਸਮ ਦੀ ਤੱਥਾਂ ਤੋਂ ਬਿਨਾਂ ਹੀ ਬਿਆਨਬਾਜ਼ੀ ਕਰ ਜਾਂਦਾ ਹੈ। ਉਹ ਬਿਆਨਬਾਜ਼ੀ ਵੀ ਇੱਕ ਯੋਜਨਾ ਅਨੁਸਾਰ ਕੀਤੀ ਜਾਂਦੀ ਹੈ, ਤਾਂ ਜੋ ਰਾਸ਼ਟਰਪਤੀ ਦੀ ਕਾਰਜਪ੍ਰਣਾਲੀ ਦਾ ਡਰ ਬਣਿਆ ਰਹੇ। ਮਾਹਿਰਾਂ ਨਾਲ ਵੀ ਟਰੰਪ ਦਾ ਵਰਤਾਓ ਮਾੜਾ ਰਿਹਾ ਤਾਂ ਅਮਰੀਕਾ ਦੀ ਆਰਥਿਕਤਾ, ਜਿਸ ਨੂੰ ਟਰੰਪ ਮਜ਼ਬੂਤ ਕਰਨ ਦੇ ਦਾਅਵੇ ਕਰ ਰਿਹਾ, ਉਹ ਕਮਜ਼ੋਰ ਹੋ ਜਾਵੇਗੀ, ਕਿਉਂਕਿ ਆਈ ਟੀ ਖੇਤਰ ਵਿੱਚ ਬਹੁਤਾ ਕੰਮ ਪਰਵਾਸੀ ਹੀ ਕਰਦੇ ਹਨ।

**# ਸੰਪਰਕ : 94178-13072**

# ਸਾਥੀ ਸਵਰਨ ਸਿੰਘ ਲਾਈਨਮੈਨ ਦੀ ਸੇਵਾ-ਮੁਕਤੀ 'ਤੇ ਸਨਮਾਨ ਸਮਾਰੋਹ

**ਬਲਕਾਰ ਸਿੰਘ ਭੁੱਲਰ**

ਸਾਥੀ ਸਵਰਨ ਸਿੰਘ ਦਾ ਜਨਮ ਮਿਤੀ 12-03-1967 ਨੂੰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਪਿਤਾ ਸ੍ਰ: ਜੋਗਿੰਦਰ ਸਿੰਘ ਦੇ ਘਰ ਪਿੰਡ ਪੱਧਰੀ ਖੁਰਦ ਤਹਿ: ਤਰਨ ਤਾਰਨ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਹੁਣ (ਜ਼ਿਲ੍ਹਾ ਤਰਨ ਤਾਰਨ) ਸਾਥੀ ਸਵਰਨ ਸਿੰਘ ਨੇ ਦਸਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਵਰਕਚਾਰਜ ਟੀ.ਐੱਸ.ਐੱਸ.ਸੀ ਸ੍ਰੀ ਅੰਮ੍ਰਿਤਸਰ 1-01-1993 ਨੂੰ ਡਿਊਟੀ ਜੁਆਇਨ ਕੀਤੀ। ਸਾਥੀ ਸਵਰਨ ਸਿੰਘ ਦਾ ਵਿਆਹ ਸ੍ਰ: ਬਖਸ਼ੀਸ਼ ਸਿੰਘ ਦੀ ਸਪੁੱਤਰੀ ਬੀਬੀ ਦਲਜੀਤ ਕੌਰ ਨਾਲ ਮਿਤੀ 07-02-1992 ਨੂੰ ਹੋਇਆ। ਸਾਥੀ ਸਵਰਨ ਸਿੰਘ ਦੇ ਘਰ 2 ਬੱਚਿਆਂ ਦੀ ਬਨਦੀ ਡਿਊਟੀ ਬੜੀ ਦਾਤ ਬਖਸ਼ੀ, ਬੇਟਾ ਕਮਲਜੀਤ ਸਿੰਘ ਤੇ ਨਵਜੋਤ ਸਿੰਘ, ਬੇਟਾ ਕਮਲਜੀਤ ਸਿੰਘ ਜੋ ਕੈਨੇਡਾ ਵਿਖੇ ਪੀ.ਆਰ ਸੈਟਲ ਹੈ ਅਤੇ ਦੂਜਾ ਬੇਟਾ ਗੁਰੂ ਘਰ ਦੀ ਸੇਵਾ ਕਰ ਰਿਹਾ ਹੈ, ਸਾਥੀ ਸਵਰਨ ਸਿੰਘ ਨੇ ਸੰਨ 2000 ਵਿੱਚ ਮੱਲਾਂਵਾਲਾ ਵਿਖੇ ਡਿਊਟੀ ਬਦਲੀ ਹੋਣ ਕਰਕੇ ਜਵਾਇਨ ਕੀਤੀ। ਸਾਥੀ ਜੀ ਨੇ ਮਹਿਕਮੇ ਵਿੱਚ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ। ਸਾਥੀ ਸਵਰਨ ਸਿੰਘ ਡਿਊਟੀ ਸਮੇਂ ਮੇਲ ਸਾਥੀ ਦਲਜੀਤ ਸਿੰਘ ਜੋ ਉਸ ਸਮੇਂ ਦੇ ਪ੍ਰਧਾਨ ਸਨ, ਨਾਲ ਹੋਇਆ। ਸਾਥੀ ਜੀ ਨੇ ਜਥੇਬੰਦੀ ਵਿੱਚ ਕੰਮ ਕਰਨ ਬਾਰੇ ਕਿਹਾ ਤਾਂ ਸਾਥੀ ਸਵਰਨ ਸਿੰਘ ਨੇ ਹਾਂ ਭਰੀ। ਬਿਜਲੀ ਮਹਿਕਮੇ ਵਿੱਚ ਕੰਮ ਕਰ ਰਹੀ ਬਿਜਲੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੀ.ਐੱਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਵਰਨ ਸਿੰਘ ਸਬ ਡਵੀਜ਼ਨ ਮੱਲਾਂਵਾਲਾ ਦੇ ਸਕੱਤਰ ਬਣੇ ਫਿਰ ਸਾਥੀ ਜੀ ਦਾ ਮੇਲ ਬਲਕਾਰ ਸਿੰਘ ਭੁੱਲਰ, ਲਖਵੀਰ ਸਿੰਘ ਸੁੱਖੇ ਵਾਲਾ, ਸੁਖਦੇਵ ਸਿੰਘ ਬੱਗੀ ਪੱਤਨੀ, ਦਲਜੀਤ ਸਿੰਘ, ਜਗਦੇਵ



ਸਿੰਘ ਤਲਵੰਡੀ, ਬਲਦੇਵ ਸਿੰਘ ਮੋਗਾ, ਅਸ਼ਵਨੀ ਕੁਮਾਰ, ਸਾਥੀ ਗੁਰਦਿੱਤ ਸਿੰਘ, ਰਾਜੇਸ਼ ਦੱਤਾ, ਰਾਕੇਸ਼ ਸੈਣੀ, ਸੁਖਚੈਨ ਸਿੰਘ, ਸਤੀਸ਼ ਕੁਮਾਰ ਆਦਿ ਸਾਥੀਆਂ ਨਾਲ ਹੋਇਆ। ਸਾਥੀ ਸਵਰਨ ਸਿੰਘ ਨੇ ਵੱਖ-ਵੱਖ ਅਹੁਦਿਆਂ 'ਤੇ ਸਬ ਡਵੀਜ਼ਨ ਸਕੱਤਰ ਮੱਲਾਂਵਾਲਾ, ਡਵੀਜ਼ਨ ਸਕੱਤਰ ਜ਼ੀਰਾ ਅਤੇ ਸਰਕਲ ਫਿਰੋਜ਼ਪੁਰ ਦੇ ਮੀਤ ਪ੍ਰਧਾਨ 'ਤੇ ਕੰਮ ਕਰ ਰਹੇ ਹਨ। ਸਬ ਡਵੀਜ਼ਨ ਮੱਲਾਂਵਾਲਾ ਦੇ ਮੌਜੂਦਾ ਪ੍ਰਧਾਨ ਹਨ ਸਾਥੀ ਸਵਰਨ ਸਿੰਘ ਜਥੇਬੰਦੀ ਦੇ ਵਫਾਦਾਰ ਸਿਪਾਹੀ ਹਨ ਅਤੇ ਸਾਥੀ ਜੀ ਨੇ ਹਰ ਸਮੇਂ ਜਥੇਬੰਦੀ ਨੂੰ ਪਹਿਲ ਦਿੱਤੀ ਹੈ। ਉਮਰ ਪੂਰੀ ਕਰਕੇ ਅੱਜ ਮਿਤੀ 31/03/2025 ਨੂੰ ਮਹਿਕਮੇ ਵਿੱਚ ਬੜੀ ਸ਼ਾਨ ਨਾਲ ਰਿਟਾਇਰ ਹੋ ਰਹੇ ਹਨ ।ਅੱਜ ਸਤਲੁਜ ਪੈਲਸ ਹਰੀਕੇ ਵਿਖੇ ਵਿਦਾਇਗੀ ਪਾਰਟੀ ਹੋ ਰਹੀ ਹੈ, ਜਿਸ ਵਿੱਚ ਸਮਾਜਸੇਵੀ ਤੇ ਜਥੇਬੰਦੀਆਂ ਦੇ ਆਗੂ ਇਸ ਸਮਾਰੋਹ ਨੂੰ ਸੰਬੋਧਨ ਕਰਨਗੇ।

**# ਸੰਪਰਕ : 96466-00980**

# ਬਿਰਧ ਘਰ ਨਹੀਂ, ਬਿਰਧਾਂ ਲਈ ਘਰ 'ਚ ਥਾਂ ਬਣਾਓ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**

ਉਰਦੂ ਜ਼ੁਬਾਨ ਦਾ ਇੱਕ ਸ਼ੇਅਰ ਹੈ:

*'ਬੜੋਂ ਕੋ ਦੇਖ ਕਰ ਝੁਕ ਜਾਤਾ ਹੈ ਸਰ ਅਪਨਾ,*
*ਅਭੀ ਤਲਕ ਕਾਇਮ ਹੈਂ ਰਵਾਇਤੇਂ ਅਪਨੀ।'*

ਬਜ਼ੁਰਗਾਂ ਦੇ ਮਾਣ-ਸਤਿਕਾਰ ਦੀ ਰਵਾਇਤ ਕਿਸੇ ਵੇਲੇ ਭਾਰਤੀ ਸਮਾਜ ਵਿੱਚ ਜਿਉਂਦੀ ਸੀ, ਪਰ ਹੁਣ ਇਸ ਰਵਾਇਤ ਦੀਆਂ ਅਸਥੀਆਂ ਸਾਡੇ ਹਿੱਸੇ ਆਈਆਂ ਹਨ। ਸਾਡੇ ਬਜ਼ੁਰਗ, ਸਾਡੇ ਪਰਵਾਰਾਂ ਤੇ ਸਾਡੇ ਵਿਹੜਿਆਂ ਦਾ ਸ਼ਿੰਗਾਰ ਹੋਇਆ ਕਰਦੇ ਸਨ। ਉਨ੍ਹਾਂ ਦੀ ਆਪਣੇ ਪਰਵਾਰ ਵਿੱਚ ਤੇ ਆਸਪਾਸ ਦੇ ਪਰਵਾਰਾਂ ਵਿੱਚ ਖ਼ਾਸੀ ਇੱਜ਼ਤ ਅਤੇ ਖ਼ਾਸਾ ਦਬਦਬਾ ਹੋਇਆ ਕਰਦਾ ਸੀ। ਨੂੰਹਾਂ-ਧੀਆਂ ਦੇ ਸਿਰ ਵੱਡਿਆਂ ਦੀ ਹਾਜ਼ਰੀ 'ਚ ਕੱਜੇ ਰਹਿੰਦੇ ਸਨ, ਜੋ ਕਿ ਬਜ਼ੁਰਗਾਂ ਦੇ ਮਾਣ-ਸਤਿਕਾਰ ਦਾ ਪ੍ਰਤੀਕ ਸੀ। ਘਰ ਦੇ ਹਰ ਛੋਟੇ-ਵੱਡੇ ਕੰਮ ਲਈ ਬਜ਼ੁਰਗਾਂ ਤੋਂ ਸਲਾਹ ਅਤੇ ਮਾਰਗ-ਦਰਸ਼ਨ ਲਿਆ ਜਾਂਦਾ ਸੀ, ਪਰ ਹੁਣ ਅਖ਼ੌਤੀ ਵਿਗਿਆਨ ਤੇ ਤਕਨੀਕ ਦਾ ਯੁੱਗ ਆਖੇ ਜਾਂਦੇ ਇਸ ਵਰਤਮਾਨ ਸਮੇਂ ਵਿੱਚ ਪੂਰੀ ਤਰ੍ਹਾਂ ਪਸਰ ਚੁੱਕੇ ਪਦਾਰਥਵਾਦ ਤੇ ਸਵਾਰਥੀਪੁਣੇ ਕਰਕੇ ਘਰਾਂ ਅਤੇ ਦਿਲਾਂ ਵਿੱਚੋਂ ਬਜ਼ੁਰਗਾਂ ਲਈ ਸਤਿਕਾਰ ਨਿਰੰਤਰ ਘਟ ਰਿਹਾ ਹੈ ਤੇ ਕੁਝ ਘਰਾਂ ਤੇ ਪਰਵਾਰਾਂ ਵਿੱਚੋਂ ਤਾਂ ਇਹ ਲਗਭਗ ਮੁੱਕ ਹੀ ਗਿਆ ਹੈ।

ਜਦੋਂ ਵੀ ਕਿਸੇ ਦੇ ਘਰ ਪਹਿਲੀ ਔਲਾਦ ਪੈਦਾ ਹੁੰਦੀ ਹੈ ਤਾਂ ਉਹ ਮਾਂ-ਬਾਪ ਧਰਤੀ ਤੋਂ ਗਿੱਠ-ਗਿੱਠ ਉੱਚਾ ਹੋਇਆ ਮਹਿਸੂਸ ਕਰਦੇ ਹਨ। ਉਸ ਔਲਾਦ ਤੋਂ ਅਨੇਕਾਂ ਆਸਾਂ-ਉਮੀਦਾਂ ਰੱਖ ਕੇ ਉਹ ਉਸ ਨੂੰ ਪੜ੍ਹਾਉਂਦੇ ਹਨ, ਲਿਖਾਉਂਦੇ ਹਨ ਤੇ ਜਵਾਨ ਕਰਦੇ ਹਨ। ਇਕ ਔਰਤ ਨੂੰ ਜਦੋਂ ਆਪਣੀ ਕੁੱਖ 'ਚ ਆਏ ਪਹਿਲੇ ਬੱਚੇ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਬਾਗੋ-ਬਾਗ ਹੋ ਜਾਂਦੀ ਹੈ। ਉਸ ਦੀ ਖ਼ੁਸ਼ੀ ਤੇ ਮਾਣ ਸਾਂਭਿਆ ਨਹੀਂ ਜਾਂਦਾ। ਬੱਚੇ ਨੂੰ ਜਨਮ ਦੇਣ ਦੀ ਅਕਿਹ ਤੇ ਅਸਹਿ ਪੀੜ ਉਹ ਬੜੇ ਸਬਰ ਨਾਲ ਜਰਦੀ ਹੈ ਤੇ ਬੱਚੇ ਦੇ ਜਨਮ ਪਿੱਛੋਂ ਆਪ ਗਿੱਲੇ 'ਤੇ ਪੈ ਕੇ ਉਸ ਨੂੰ ਸੁੱਕੇ 'ਤੇ ਪਾਉਂਦੀ ਹੈ। ਆਪਣੇ ਨਿੱਕੜੇ ਜਿਹੇ ਬੱਚੇ ਦੀ ਪਰਵਰਿਸ਼ ਲਈ ਆਪਣਾ ਖਾਣਾ, ਪੀਣਾ, ਸੌਣਾ ਤੇ ਅਰਾਮ ਕਰਨਾ ਤੱਕ ਭੁੱਲ ਜਾਂਦੀ ਹੈ। ਉਹ ਬੱਚਾ ਥੋੜ੍ਹਾ ਵੱਡਾ ਹੋ ਕੇ ਜਦੋਂ ਆਪਣੀ ਤੋਤਲੀ ਜ਼ੁਬਾਨ ਨਾਲ ਉਸ ਨੂੰ 'ਮਾਂ' ਕਹਿ ਕੇ ਪੁਕਾਰਦਾ ਹੈ ਤਾਂ ਖ਼ੁਸ਼ੀ 'ਚ ਖੀਵੀ ਹੋਈ ਉਹ ਆਪ-ਮੁਹਾਰੇ ਕਹਿ ਉੱਠਦੀ ਹੈ :

'ਵੋ ਲਮਹਾ ਜਬ ਮੇਰੇ ਬੱਚੇ ਨੇ ਮਾਂ ਪੁਕਾਰਾ ਮੁਝੇ,
ਮੈਂ ਇਕ ਸ਼ਾਖ਼ ਸੇ ਕਿਤਨਾ ਘਨਾ ਦਰੱਖ਼ਤ ਹੂਈ।'

ਪਰ ਬਹੁਤ ਹੀ ਦੁੱਖ ਅਤੇ ਅਫ਼ਸੋਸ ਦੀ ਗੱਲ ਹੈ ਕਿ ਉਹ ਮਾਂ-ਬਾਪ ਜਿਨ੍ਹਾਂ ਆਪਣੀਆਂ ਖ਼ਾਹਿਸ਼ਾਂ ਦਾ ਗਲਾ ਘੁੱਟ ਕੇ ਅਤੇ ਦੁੱਖਾਂ ਤੇ ਮੁਸੀਬਤਾਂ ਦੀਆਂ ਧੁੱਪਾਂ ਆਪਣੇ ਸਿਰ 'ਤੇ ਸਹਾਰ ਕੇ ਆਪਣੀ ਔਲਾਦ ਨੂੰ ਹੱਥੀਂ ਛਾਵਾਂ ਕੀਤੀਆਂ ਹੁੰਦੀਆਂ ਹਨ, ਜਦੋਂ ਉਹ ਬੁਢਾਪੇ ਦੀ ਸਰਦਲ 'ਤੇ ਪੈਰ ਰੱਖਦੇ ਹਨ ਤਾਂ ਉਹ ਬੱਚਿਆਂ ਨੂੰ ਬੋਝ ਜਿਹਾ ਜਾਪਣ ਲੱਗ ਜਾਂਦੇ ਹਨ। ਉਨ੍ਹਾਂ ਧੀਆਂ-ਪੁੱਤਾਂ ਨੂੰ ਆਪਣੇ ਬੱਚਿਆਂ ਅਤੇ ਆਪਣੇ ਜੀਵਨ ਸਾਥੀਆਂ ਦੀਆਂ ਵੱਡੀਆਂ-ਛੋਟੀਆਂ ਸਾਰੀਆਂ ਖ਼ਾਹਿਸ਼ਾਂ ਤੇ ਲੋੜਾਂ ਦਾ ਤਾਂ ਖ਼ਿਆਲ ਰਹਿੰਦਾ ਹੈ, ਪਰ ਆਪਣੇ ਬੁੱਢੇ ਮਾਪਿਆਂ ਜਾਂ ਦਾਦਾ-ਦਾਦੀ ਦੀਆਂ ਜ਼ਰੂਰਤਾਂ ਵਾਧੂ ਜਿਹੀਆਂ ਲਗਦੀਆਂ ਹਨ। ਉਨ੍ਹਾਂ ਦੇ ਖਾਣ-ਪੀਣ ਅਤੇ ਦਵਾ-ਦਾਰੂ 'ਤੇ ਖ਼ਰਚ ਕਰਨਾ ਔਲਾਦ ਨੂੰ ਬੜਾ ਔਖਾ ਲੱਗਦਾ ਹੈ।

ਕੀ ਅਸੀਂ ਐਨੇ ਨਾਲਾਇਕ ਅਤੇ ਖ਼ੁਦਗ਼ਰਜ਼ ਹਾਂ ਕਿ ਉਨ੍ਹਾਂ ਦੇ ਸਾਡੇ ਪ੍ਰਤੀ ਪਿਆਰ ਅਤੇ ਬਲੀਦਾਨਾਂ ਦੇ ਬਦਲੇ 'ਚ ਅਸੀਂ ਉਨ੍ਹਾਂ ਨੂੰ ਦੋ ਵਕਤ ਦਾ ਟੁੱਕਰ ਵੀ ਨਹੀਂ ਦੇ ਸਕਦੇ? ਕਿੰਨੀ ਸ਼ਰਮ ਦੀ ਗੱਲ ਹੈ ਕਿ ਇਕ ਮਾਂ ਤਾਂ ਚਾਰ-ਚਾਰ ਪੁੱਤ ਪਾਲ ਸਕਦੀ ਹੈ, ਪਰ ਚਾਰ-ਚਾਰ ਪੁੱਤ ਇਕ ਬੁੱਢੀ ਮਾਂ ਦੇ ਬੁਢਾਪੇ ਦਾ ਆਸਰਾ ਵੀ ਨਹੀਂ ਬਣ ਸਕਦੇ ਹਨ। ਮਹੀਨਾ ਕਿਸੇ ਨੂੰਹ ਦੇ ਘਰ ਤੇ ਮਹੀਨਾ ਕਿਸੇ ਦੂਜੀ ਨੂੰਹ ਦੇ ਘਰ ਰੋਟੀ ਖਾਣ ਲਈ ਮਾਂ-ਬਾਪ ਨੂੰ ਹਿੱਸਿਆਂ 'ਚ ਵੰਡ ਦਿੱਤਾ ਜਾਂਦਾ ਹੈ। ਇਹ ਵਤੀਰਾ ਬੜਾ ਹੀ ਕਸ਼ਟਦਾਇਕ ਅਤੇ ਅਣਮਨੁੱਖੀ ਹੈ। ਇਹ ਫ਼ੈਸਲਾ ਮਾਪਿਆਂ ਦੇ ਹੱਥ 'ਚ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਕਿੰਨਾ ਚਿਰ ਤੇ ਕਿਸ ਪੁੱਤਰ ਜਾਂ ਧੀ ਦੇ ਕੋਲ ਰਹਿਣਾ ਹੈ।

ਬਿਰਧ ਘਰਾਂ ਜਾਂ ਬਿਰਧ ਆਸ਼ਰਮਾਂ ਦੀ ਪਿਰਤ ਇਕ ਬਹੁਤ ਵੱਡੀ ਸਮਾਜਿਕ ਬੁਰਾਈ ਹੈ। ਬਜ਼ੁਰਗਾਂ ਲਈ ਬਿਰਧ ਘਰ ਨਹੀਂ, ਸਗੋਂ ਬਜ਼ੁਰਗਾਂ ਲਈ ਘਰਾਂ 'ਚ ਥਾਂ ਬਣਨੀ ਚਾਹੀਦੀ ਹੈ। ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਅਜੋਕੀ ਪੀੜ੍ਹੀ ਦੇ ਉਨ੍ਹਾਂ ਦੇ ਪੋਤਰਿਆਂ-ਦੋਹਤਿਆਂ ਨੂੰ ਜਾਗਰੂਕ ਅਤੇ ਯਤਨਸ਼ੀਲ ਹੋਣਾ ਪਏਗਾ। ਸਾਨੂੰ ਇਹ ਸਮਝਣਾ ਪਏਗਾ ਕਿ ਸਾਡੇ ਬਜ਼ੁਰਗ ਸਾਡੀ ਅਨਮੋਲ ਵਿਰਾਸਤ ਹਨ, ਸਾਡਾ ਵਡਮੁੱਲਾ ਸਰਮਾਇਆ ਹਨ। ਉਹ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਨਾਲ ਵਾਬਸਤਾ ਭਾਵ ਰੂਬਰੂ ਰਹੇ ਹੁੰਦੇ ਹਨ ਤੇ ਉਨ੍ਹਾਂ ਕੋਲ ਤਜਰਬੇ ਦੀ ਅਨਮੋਲ ਪੂੰਜੀ ਹੁੰਦੀ ਹੈ, ਜੋ ਹਜ਼ਾਰਾਂ ਕਿਤਾਬਾਂ ਪੜ੍ਹ ਕੇ ਵੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੀ ਦੇਖਭਾਲ ਅਤੇ ਆਦਰ-ਸਨਮਾਨ ਕਰਨਾ ਸਾਡਾ ਫ਼ਰਜ਼ ਹੈ, ਅਹਿਸਾਨ ਨਹੀਂ। ਸਾਡੇ ਧਰਮ ਗ੍ਰੰਥਾਂ ਅਤੇ ਵੇਦਾਂ-ਸ਼ਾਸਤਰਾਂ ਵਿੱਚ ਵੱਡ-ਵਡੇਰਿਆਂ ਨੂੰ ਪੂਜਣ ਲਈ ਕਿਹਾ ਗਿਆ ਹੈ, ਪਰ ਦੁਖਾਂਤਕ ਪੱਖ ਇਹ ਹੈ ਕਿ ਗ੍ਰੰਥਾਂ ਨੂੰ ਤਾਂ ਮੱਥੇ ਟੇਕੇ ਜਾਂਦੇ ਹਨ, ਪਰ ਪੂਜਣਯੋਗ ਬਜ਼ੁਰਗਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਤੇ ਉਨ੍ਹਾ ਦੀਆਂ ਮਾਮੂਲੀ ਜਿਹੀਆਂ ਜ਼ਰੂਰਤਾਂ ਨੂੰ ਵੀ 'ਵਾਧੂ ਦਾ ਬੋਝ' ਮੰਨਿਆ ਜਾਂਦਾ ਹੈ। ਜਦੋਂ ਤੱਕ ਉਨ੍ਹਾਂ ਤੋਂ ਕੋਈ ਵਿੱਤੀ ਫ਼ਾਇਦਾ ਮਿਲਦਾ ਹੈ, ਉਨ੍ਹਾ ਨੂੰ 'ਮਾਂ ਜੀ' ਅਤੇ 'ਬਾਊ ਜੀ' ਕਹਿ ਕੇ ਪੁਕਾਰਿਆ ਜਾਂਦਾ ਹੈ, ਪਰ ਰੁਪਏ-ਪੈਸੇ ਤੇ ਜ਼ਮੀਨ-ਜਾਇਦਾਦ ਵੰਡ ਹੁੰਦਿਆਂ ਸਾਰ ਹੀ ਔਲਾਦ ਦੀਆਂ ਅੱਖਾਂ ਹੋਰ ਹੋ ਜਾਂਦੀਆਂ ਹਨ। ਔਲਾਦ ਨੂੰ ਮਾਂ-ਬਾਪ ਦੀ ਲੋੜ ਮੁੱਕ ਜਾਂਦੀ ਹੈ ਤੇ ਬੁੱਢੇ ਮਾਪਿਆਂ ਨੂੰ ਪੈਸੇ-ਪੈਸੇ ਲਈ ਮੁਥਾਜ਼ ਬਣਾ ਦਿੱਤਾ ਜਾਂਦਾ ਹੈ। ਇਹ ਤਰੀਕਾਕਾਰ ਬੜਾ ਹੀ ਸ਼ਰਮਨਾਕ ਅਤੇ ਨਿੰਦਣਯੋਗ ਹੈ।

ਬਜ਼ੁਰਗਾਂ ਪ੍ਰਤੀ ਸਾਡੀ ਸੋਚ ਅਤੇ ਵਿਹਾਰ ਵਿੱਚ ਵੱਡੀ ਤਬਦੀਲੀ ਦੀ ਸਖ਼ਤ ਲੋੜ ਹੈ। ਬਜ਼ੁਰਗਾਂ ਦੇ ਪਾਲਣ-ਪੋਸ਼ਣ ਤੇ ਦੇਖਭਾਲ ਵਿੱਚ ਸਰਕਾਰ ਆਪਣੀ ਭੂਮਿਕਾ ਅਦਾ ਕਰੇ ਜਾਂ ਨਾ ਕਰੇ, ਪਰ ਸਾਨੂੰ ਆਪਣੇ ਫ਼ਰਜ਼ ਜ਼ਰੂਰ ਪਛਾਣ ਲੈਣੇ ਚਾਹੀਦੇ ਹਨ। ਆਪਣੇ ਬਜ਼ੁਰਗਾਂ ਦੀਆਂ ਲੋੜਾਂ ਵੱਲ ਧਿਆਨ ਦੇਣਾ ਸਾਡਾ ਇਖ਼ਲਾਕੀ ਫ਼ਰਜ਼ ਅਤੇ ਸਮਾਜਿਕ ਕਰਤੱਵ ਹੈ। ਸਾਡੇ ਜਿਉਂਦੇ ਜੀਅ ਸਾਡੇ ਮਾਂ-ਬਾਪ ਆਪਣੇ ਆਪ ਨੂੰ ਬੇਸਹਾਰਾ ਦੱਸੇ ਕੇ ਬੁਢਾਪਾ ਪੈਨਸ਼ਨ ਲੈਣ ਜਾਂ ਬਿਰਧ ਆਸ਼ਰਮਾਂ ਵਿੱਚ ਰਹਿਣ ਤਾਂ ਸਾਡੇ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ? ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੀ ਔਲਾਦ ਜਾਂ ਸਾਡੀ ਆਉਣ ਵਾਲੀ ਪੀੜ੍ਹੀ ਸਾਡਾ ਖ਼ਿਆਲ ਰੱਖੇ, ਸਾਡੀ ਸੇਵਾ ਕਰੇ, ਸਾਡਾ ਸਤਿਕਾਰ ਕਰੇ ਤਾਂ ਸਾਨੂੰ ਵੀ ਆਪਣੇ ਬਜ਼ੁਰਗਾਂ ਦੀ ਸੇਵਾ ਕਰਕੇ ਅਜਿਹੇ ਪੂਰਨੇ ਪਾਉਣੇ ਹੀ ਪੈਣਗੇ।



**# ਸੰਪਰਕ : 97816-46008**

